# ਜੈਵ ਵਿਭਿੰਨਤਾ

## ਜੀਵਨ ਦਾ ਜਾਲ





ਪੰਜਾਬ ਜੈਵ-ਵਿਭਿੰਨਤਾ ਬੋਰਡ

ਪੰਜਾਬ ਰਾਜ ਵਿਗਿਆਨ ਅਤੇ ਤਕਨਾਲੌਜੀ ਪ੍ਰੀਸ਼ਦ

ਵਿੱਤੀ ਸਹਿਯੋਗ : ਰਾਸ਼ਟਰੀ ਜੈਵ ਵਿਭਿੰਨਤਾ ਅਥਾਰਟੀ







# ਜੈਵ ਵਿਭਿੰਨਤਾ

## ਜੀਵਨ ਦਾ ਜਾਲ

ਪੰਜਾਬ ਜੈਵ -ਵਿਭਿੰਨਤਾ ਬੋਰਡ ਅਤੇ ਐਨਵਿਸ ਕੇਂਦਰ
ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪ੍ਰੀਸ਼ਦ
ਐਮ .ਜੀ. ਐਸ .ਆਈ.ਪੀ .ਏ . ਕੰਪਲੈਕਸ, ਸੈਕਟਰ 26, ਚੰਡੀਗੜ੍ਹ - 160019
ਫੋਨ : 0172-2792325 ਫੈਕਸ 0172-2793143
ਵੈੱਬ ਸਾਈਟਾਂ :- **www.psest.com, www.punjabenvironment.com, www.punenvis.nic.in**

| | | |
|---|---|---|
| ਲੇਖਕ | : | ਨੀਲੀਮਾ ਜੈਰਥ ਅਤੇ ਚਰਨ ਕਮਲ ਸਿੰਘ |
| ਡਿਜ਼ਾਈਨ ਅਤੇ ਫੋਟੋਆਂ | : | ਚਰਨ ਕਮਲ ਸਿੰਘ, ਐਨਵਿਸ ਕੇਂਦਰ<br>ਪੰ. ਜੈ. ਬੋ. ਅਤੇ ਪੰ. ਰਾ. ਵਿ. ਤ. ਪ੍ਰੀ., 2007 |
| ਹਵਾਲਗੀ | : | ਜੈਰਥ, ਨੀਲੀਮਾ ਅਤੇ ਸਿੰਘ, ਚਰਨ ਕਮਲ, (2007 )<br>ਜੈਵ ਵਿਭਿੰਨਤਾ : ਜੀਵਨ ਦਾ ਜਾਲ । ਪੰਜਾਬ ਜੈਵ-ਵਿਭਿੰਨਤਾ ਬੋਰਡ<br>ਅਤੇ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪ੍ਰੀਸ਼ਦ । |



ਜੀਵਨ ਦਾ ਗੁੰਝਲਦਾਰ ਜਾਲ ਇਸ ਧਰਤੀ ਉੱਤੇ ਪਿਛਲੇ ਘੱਟੋ-ਘੱਟ 3.8 ਅਰਬ ਸਾਲਾਂ ਤੋਂ ਵਿਕਸਿਤ ਹੁੰਦਾ ਆ ਰਿਹਾ ਹੈ। ਧਰਤੀ,ਤਾਜ਼ਾ ਪਾਣੀ ਅਤੇ ਸਮੁੰਦਰ ਲੱਖਾਂ ਕਰੋੜਾਂ ਪ੍ਰਜਾਤੀਆਂ ਦਾ ਘਰ ਹਨ। ਮਨੁੱਖ ਸਮੇਤ ਸਾਰੀਆਂ ਹੀ ਪ੍ਰਜਾਤੀਆਂ ਇਕ ਦੂਜੇ ਨਾਲ ਗੁੰਝਲਦਾਰ ਤਰੀਕੇ ਨਾਲ ਜੁੜੀਆਂ ਹੋਈਆਂ ਹਨ।

ਜੈਵ-ਵਿਭਿੰਨਤਾ ਦਾ ਅਧਿਐਨ ਕਰਨ ਨਾਲ ਸਾਨੂੰ ਇਹ ਸਮਝਣ ਵਿੱਚ ਮਦੱਦ ਮਿਲਦੀ ਹੈ ਕਿ ਕੁਦਰਤ ਕਿਵੇਂ ਕੰਮ ਕਰਦੀ ਹੈ ਅਤੇ ਇਸ ਵਿਚ ਸਾਡੀ ਕੀ ਭੂਮਿਕਾ ਹੈ। ਚੌਗਿਰਦੇ ਦੇ ਬਨਸਪਤੀ ਅਤੇ ਜੰਤੂਜਗਤ ਨੂੰ ਸਮਝਣ ਨਾਲ ਅਸੀਂ ਭਵਿੱਖਤ ਪੀੜ੍ਹੀਆਂ ਦੀਆਂ ਲੋੜਾਂ ਦੀ ਕੁਰਬਾਨੀ ਦਿੱਤੇ ਬਿਨਾਂ ਆਪਣੀਆਂ ਭੋਜਨ, ਮਕਾਨ ਅਤੇ ਊਰਜਾ ਸਬੰਧੀ ਮੌਜੂਦਾ ਲੋੜਾਂ ਪੂਰਨ ਦੇ ਵਧੇਰੇ ਯੋਗ ਹੋ ਜਾਂਦੇ ਹਾਂ। ਜੈਵ-ਵਿਭਿੰਨਤਾ ਦਾ ਗਿਆਨ ਸ੍ਰੋਤ - ਸੰਭਾਲ ਅਤੇ ਵਿਕਾਸ ਨਾਲ ਸਬੰਧਤ ਬੁੱਧੀਪੂਰਨ ਨਿਰਣੇ ਲੈਣ ਵਿਚ ਸਾਡੀ ਮੱਦਦ ਕਰਦਾ ਹੈ। ਇਸ ਨਾਲ ਅਸੀਂ ਆਪਣੇ ਨਾਲ ਇਸ ਧਰਤੀ ਤੇ ਰਹਿਣ ਵਾਲੇ ਲੱਖਾਂ - ਕਰੋੜਾਂ ਪੌਦਿਆਂ ਅਤੇ ਪਸ਼ੂਆਂ ਦੇ ਨਾਲ - ਨਾਲ ਅਜੇ ਤਕ ਰਿਕਾਰਡ ਨਹੀਂ ਹੋ ਸਕੀਆਂ ਪ੍ਰਜਾਤੀਆਂ ਦੀ ਬੇਹਤਰ ਭਲਾਈ ਵੀ ਕਰਨ ਯੋਗ ਹੋ ਜਾਂਦੇ ਹਾਂ।

ਤਤਕਰਾ :


- ਜੈਵ-ਵਿਭਿੰਨਤਾ ਕੀ ਹੈ? .......... 2
  - ਪ੍ਰਜਾਤੀ ਵਿਭਿੰਨਤਾ
  - ਜੀਨ-ਜਨਿਤ ਵਿਭਿੰਨਤਾ
  - ਪਰਿਸਥਿਤਿਕ ਵਿਭਿੰਨਤਾ
- ਜੈਵ-ਵਿਭਿੰਨਤਾ ਕਿਥੇ ਹੈ? .......... 4
- ਜੈਵ-ਵਿਭਿੰਨਤਾ ਦੀ ਮਹੱਤਤਾ .......... 6
  - ਪ੍ਰੱਤਖ ਲਾਭ
  - ਅਪ੍ਰੱਤਖ ਲਾਭ
- ਸਾਨੂੰ ਚਿੰਤਾ ਕਿਉਂ ਕਰਨੀ ਚਾਹੀਦੀ ਹੈ? .......... 8
- ਜੈਵ-ਵਿਭਿੰਨਤਾ ਨੂੰ ਖੋਰਾ ਲਾਉਣ ਵਾਲੇ ਕਾਰਕ .......... 9
- ਜੈਵ-ਵਿਭਿੰਨਤਾ ਦੀ ਮੌਜੂਦਾ ਹਾਲਤ .......... 10
  - ਭਾਰਤ
  - ਪੰਜਾਬ
- ਅਸੀਂ ਕੀ ਕਰ ਸਕਦੇ ਹਾਂ ? .......... 14
- ਸੰਸਾਰ ਭਰ ਵਿਚ ਕੀ ਕੀਤਾ ਜਾ ਰਿਹਾ ਹੈ ? .......... 15
  - ਜੈਵ-ਵਿਭਿੰਨਤਾ ਦੀ ਕਨਵੈਂਸ਼ਨ
- ਜੈਵ-ਵਿਭਿੰਨਤਾ ਕਾਨੂੰਨ .......... 16
- ਪੰਜਾਬ ਜੈਵ-ਵਿਭਿੰਨਤਾ ਬੋਰਡ .......... 16

# ਜੈਵ ਵਿਭਿੰਨਤਾ ਕੀ ਹੈ?

ਜੈਵ ਵਿਭਿੰਨਤਾ ਦਾ ਸ਼ਾਬਦਿਕ ਅਰਥ ਹੈ – ਧਰਤੀ ਉਪਰਲੇ ਹਰ ਤਰ੍ਹਾਂ ਦੇ ਜੀਵਨ ਦੀ ਸੰਖਿਆ, ਵਿਭਿੰਨਤਾ ਅਤੇ ਕਿਸਮਾਂ। ਇਨ੍ਹਾਂ ਵਿਚ ਲੱਖਾਂ-ਕਰੋੜਾਂ ਪੌਦੇ, ਜਾਨਵਰ ਤੇ ਸੂਖਮ ਜੀਵ, ਉਨ੍ਹਾਂ ਅੰਦਰਲੇ ਜੀਨ ਅਤੇ ਉਹ ਗੁੰਝਲਦਾਰ ਪਰਿਸਥਿਤਿਕ ਪ੍ਰਬੰਧ ਸ਼ਾਮਲ ਹਨ ਜਿਸ ਦੇ ਕਿ ਇਹ ਹਿੱਸਾ ਹਨ।

'ਜੈਵ ਵਿਭਿੰਨਤਾ'(ਬਾਇਓਡਾਇਵਰਸਿਟੀ) ਨਾਂ ਦਾ ਸ਼ਬਦ 1986 ਵਿੱਚ ਵਾਲਟਰ ਜੀ. ਰੋਜ਼ਨ ਨੇ ਦਿੱਤਾ ਸੀ ਭਾਵੇਂ ਇਸੇ ਅਰਥ ਦਾ ਇੱਕ ਵੱਧ ਲੰਬਾ ਸ਼ਬਦ ਜੋੜ ('ਬਾਇਓਲੋਜੀਕਲ ਡਾਈਵਰਸਿਟੀ ') ਇਕ ਅਮਰੀਕੀ ਜੀਵ-ਸੰਭਾਲ ਵਿਗਿਆਨੀ ਥਾਮਸ ਈ. ਲਵਜਾਏ ਨੇ 1980 ਵਿਚ ਵਰਤਿਆ ਸੀ। ਫਿਰ ਵੀ ਇਸ ਸ਼ਬਦ ਨੂੰ ਪ੍ਰਸਿੱਧ ਬਨਾਉਣ ਦਾ ਸਿਹਰਾ 'ਜੈਵ-ਵਿਭਿੰਨਤਾ ਦਾ ਪਿਤਾਮਾ 'ਮੰਨੇ ਜਾਂਦੇ ਈ. ਓ .ਵਿਲਸਨ ਨੂੰ ਜਾਂਦਾ ਹੈ, ਜਿਸ ਨੇ ਇਸ ਨੂੰ 'ਜੀਵਨ ਦਾ ਕੱਚਾ ਮਾਲ ਹੀ 'ਕਹਿ ਦਿੱਤਾ।

ਜੈਵ ਵਿਭਿੰਨਤਾ ਕਨਵੈਂਸ਼ਨ (1992) ਦੁਆਰਾ ਦਿੱਤੀ ਗਈ ਪਰਿਭਾਸ਼ਾ ਅਨੁਸਾਰ ਇਹ 'ਸਥਲੀ, ਸਮੁੰਦਰੀ ਅਤੇ ਹੋਰ ਜਲੀ ਪਰਿਸਥਿਤਿਕ ਪ੍ਰਬੰਧਾਂ ਦੇ ਸਾਰੇ ਸਜੀਵਾਂ ਦੀ ਵਿਭਿੰਨਤਾ ਅਤੇ ਉਨ੍ਹਾਂ ਦੇ ਪਰਿਸਥਿਤਿਕ ਪ੍ਰਬੰਧਾਂ ਦੀ ਵਿਭਿੰਨਤਾ ਹੈ; ਇਸ ਵਿਚ ਅੰਤਰਾ ਪ੍ਰਜਾਤੀ, ਅੰਤਰ ਪ੍ਰਜਾਤੀ ਅਤੇ ਪਰਿਸਥਿਤਿਕ ਪ੍ਰਬੰਧਾਂ ਦੀ ਵਿਭਿੰਨਤਾ ਸ਼ਾਮਲ ਹੈ "।

## ਪ੍ਰਜਾਤੀ ਵਿਭਿੰਨਤਾ :-

'ਪ੍ਰਜਾਤੀ' ਉਨ੍ਹਾਂ ਜੰਤੂਆਂ ਦਾ ਸਮੂਹ ਹੈ ਜਿਨ੍ਹਾਂ ਦੇ ਵਿਲੱਖਣ ਗੁਣ ਹੁੰਦੇ ਹਨ ਅਤੇ ਜੋ ਆਪਸ ਵਿਚ ਪ੍ਰਜਨਣ ਕਰਕੇ ਸੁਯੋਗ ਸੰਤਾਨ ਉਤਪਨ ਕਰ ਸਕਦੇ ਹਨ।

ਇਨ੍ਹਾਂ ਦੇ ਅਕਾਰ ਅਤੇ ਆਕ੍ਰਿਤੀਆਂ ਹਰ ਤਰ੍ਹਾਂ ਦੀਆਂ ਹੁੰਦੀਆਂ ਹਨ। ਪ੍ਰਜਾਤੀ ਵਿਭਿੰਨਤਾ ਵਿਚ ਸੂਖਮਜੀਵਾਂ ਤੋਂ ਲੈ ਕੇ ਜਾਇੰਟ ਸਿਕੋਇਆਜ਼ ਅਤੇ ਨੀਲੀਆਂ ਵਹੇਲਾਂ ਤੱਕ ਸਾਰੀਆਂ ਹੀ ਪ੍ਰਜਾਤੀਆਂ ਆ ਜਾਂਦੀਆਂ ਹਨ। ਇਹ ਸੰਖਿਆ ਅੰਦਾਜ਼ਨ 1 ਕਰੋੜ ਤੋਂ 10 ਕਰੋੜ ਦੇ ਵਿਚਕਾਰ ਹੈ ਭਾਵੇਂ ਅੱਜ ਤੱਕ ਵਿਗਿਆਨੀਆਂ ਨੇ ਕੇਵਲ 14 ਲੱਖ ਪ੍ਰਜਾਤੀਆਂ ਦੀ ਹੀ ਪਛਾਣ ਕੀਤੀ ਹੈ। ਇਨ੍ਹਾਂ ਅਣਪਛਾਣੀਆਂ ਪ੍ਰਜਾਤੀਆਂ ਵਿਚੋਂ ਵਧੇਰੇ ਊਸ਼ਣ ਕਟੀਬੰਧੀ ਅਤੇ ਮਹਾਂਸਾਗਰੀ ਵਾਤਾਵਰਨ ਵਿਚ ਰਹਿੰਦੀਆਂ ਹਨ ਜਿਨ੍ਹਾਂ ਨੂੰ ਅਜੇ ਤੱਕ ਪੂਰੀ ਤਰ੍ਹਾਂ ਘੋਖਿਆ ਨਹੀਂ ਗਿਆ ਹੈ।

ਮੂਲ ਅਧਾਰ ਪ੍ਰਜਾਤੀਆਂ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਕੁਝ ਪ੍ਰਜਾਤੀਆਂ ਇਕ ਪਰਿਸਥਿਤਿਕ ਪ੍ਰਬੰਧ ਵਿਚ ਅਤਿ ਜ਼ਰੂਰੀ ਭੂਮਿਕਾ ਨਿਭਾਉਂਦੀਆਂ ਹਨ ਕਿਉਂਕਿ ਇਹ ਅਨੇਕਾਂ ਹੋਰ ਪ੍ਰਜਾਤੀਆਂ ਦੀ ਬਹੁਤਾਤ ਅਤੇ ਸਿਹਤ ' ਤੇ ਅਸਰ ਪਾਉਂਦੀਆਂ ਹਨ ਜਿਵੇਂ ਕਿ ਊਸ਼ਣ ਕਟੀਬੰਧੀ ਤਟਾਂ 'ਤੇ ਮੂੰਗੇ। 'ਸਥਾਨਕ ਪ੍ਰਜਾਤੀਆਂ' ਅਖਵਾਉਣ ਵਾਲੀਆਂ ਕੁਝ ਪ੍ਰਜਾਤੀਆਂ ਕੇਵਲ ਇਕ ਵਿਸ਼ੇਸ਼ ਖੇਤਰ ਵਿਚ ਹੀ ਪਾਈਆਂ ਜਾਂਦੀਆਂ ਹਨ ਜਿਸ ਤੋਂ ਇਕ ਸੀਮਿਤ ਭੂਗੋਲਿਕ ਖੇਤਰ ਵਿਚ ਇਕ ਵਿਲੱਖਣ ਨਿਵਾਸ ਸਥਾਨ ਦੀ ਹੋਂਦ ਦਾ ਪਤਾ ਲੱਗਦਾ ਹੈ ਜਿਵੇਂ ਕਿ ਮਹਾਨ ਇਕ ਸਿੰਗਾ ਗੈਂਡਾ ਕੇਵਲ ਭਾਰਤ, ਭੂਟਾਨ ਅਤੇ ਨੇਪਾਲ ਵਿਚ ਹੀ ਮਿਲਦਾ ਹੈ। ਜੇਕਰ ਇਨ੍ਹਾਂ ਨਿਵਾਸ ਸਥਾਨਾਂ ਨੂੰ ਨੁਕਸਾਨ ਪੁੱਜਦਾ ਹੈ ਤਾਂ ਸਥਾਨਕ ਪ੍ਰਜਾਤੀਆਂ ਲੱਗਭਗ ਯਕੀਨਨ ਹੀ ਮਰ ਜਾਣਗੀਆਂ ,ਪਰ ਘਾਹ, ਚਿੜੀਆਂ ਆਦਿ ਵਰਗੀਆਂ ਕੁਝ ਪ੍ਰਜਾਤੀਆਂ ਸੰਸਾਰ ਵਿਚ ਆਮ ਹੀ ਮਿਲਦੀਆਂ ਹਨ।

**ਧਰਤੀ ਉੱਤੇ ਸਾਡੇ ਨਾਲ ਰਹਿੰਦੇ ਹਨ :**

5000 ਵਿਸ਼ਾਣੂ
4700 ਜੀਵਾਣੂ
40,000 ਕਾਈਆਂ
47,000 ਉੱਲੀਆਂ
17,000 ਲਾਈਕਨਜ਼
16,000 ਬ੍ਰਾਇਓਫਾਇਟਸ
13,000 ਟੈਰੀਡੋਫਾਈਟਸ
750 ਜਿਮਨੋਸਪਰਮਜ਼ (ਨੰਗਾ-ਬੀਜੀ-ਪੌਦੇ)
2,50,000 ਐਂਜੀਓਸਪਰਮਜ਼ (ਢੱਕੇ-ਬੀਜੀ ਪੌਦੇ)
11,68,600 ਅਰੀੜ੍ਹਧਾਰੀ ਜੰਤੂ
2,170 ਆਦਿ-ਰੀੜ੍ਹ ਜੰਤੂ
21,700 ਮੱਛੀਆਂ
5,150 ਜਲ-ਥਲੀ ਜੰਤੂ
5,680 ਰੇਂਗਣ ਵਾਲੇ ਜੰਤੂ
10,000 ਪੰਛੀ
4,600 ਥਣਧਾਰੀ

ਸ੍ਰੋਤ : ਸਮਿਥਸੋਨੀਅਨ ਸੰਸਥਾ,2001





# ਜੀਨ-ਜਨਿਤ ਵਿਭਿੰਨਤਾ :-







ਜੈਵ-ਵਿਭਿੰਨਤਾ ਕੇਵਲ ਪ੍ਰਜਾਤੀਆਂ ਦੀਆਂ ਕਿਸਮਾਂ ਤੱਕ ਹੀ ਸੀਮਿਤ ਨਹੀਂ ਹੈ। ਇਸ ਵਿਚ ਜੀਨ ਵੀ ਆਉਂਦੇ ਹਨ ਜੋ ਕਿ ਹਰ ਇਕ ਵਿਅਕਤੀ ਆਪਣੇ ਮਾਪਿਆਂ ਕੋਲੋਂ ਪ੍ਰਾਪਤ ਕਰਦਾ ਹੈ ਅਤੇ ਅਗਲੀ ਪੀੜ੍ਹੀ ਤੱਕ ਭੇਜਦਾ ਹੈ। ਜੀਨ-ਜਨਿਤ ਵਿਭਿੰਨਤਾ ਹਰ ਥਾਂ ਤੇ ਮਿਲਦੀ ਹੈ ਜਿਵੇਂ ਕਿ ਸਾਡੇ ਬੱਚਿਆਂ ਦੀਆਂ ਆਕ੍ਰਿਤੀਆਂ, ਕੱਦ, ਅੱਖਾਂ/ ਵਾਲਾਂ ਦੇ ਰੰਗਾਂ ਦੀ ਵਿਭਿੰਨਤਾ, ਕਰਿਆਨੇ ਦੀਆਂ ਦੁਕਾਨਾਂ ਵਿਚ ਮਿਲਦੇ ਭੋਜਨ ਪਦਾਰਥਾਂ ਦੇ ਸਵਾਦ ਅਤੇ ਬਣਤਰ ਦੀ ਵਿਭਿੰਨਤਾ ਜਾਂ ਪੰਛੀਆਂ ਦੇ ਰੰਗਦਾਰ ਖੰਭਾਂ ਜਾਂ ਸਾਡੇ ਪਿਛਵਾੜੇ ਵਿਚ ਮਿਲਦੀਆਂ ਤਿਤਲੀਆਂ ਦੇ ਖੰਭਾਂ ਦੇ ਡਿਜ਼ਾਈਨਾਂ ਦੀ ਵਿਭਿੰਨਤਾ।

ਜੰਤੂਆਂ ਦੇ ਜੀਨਾਂ ਵਿਚਲੀ ਵਿਭਿੰਨਤਾ ਕਾਰਨ ਜੰਤੂਆਂ ਦਾ ਲਗਾਤਾਰ ਵਿਕਾਸ ਅਤੇ ਹੋਂਦ ਯਕੀਨੀ ਬਣਦੇ ਹਨ। ਜੀਨ ਸਜੀਵਾਂ ਦੇ ਗੁਣਾਂ ਦਾ ਨਿਰਧਾਰਨ ਕਰਦੇ ਹਨ ਜਿਵੇਂ ਕਿ ਫੁੱਲਾਂ ਦਾ ਰੰਗ, ਚੀਤੇ ਦੀਆਂ ਧਾਰੀਆਂ, ਮਨੁੱਖ ਦੇ ਉਂਗਲ-ਨਿਸ਼ਾਨ ਆਦਿ । ਇਹ ਸਮਾਂ ਬਦਲਣ ਨਾਲ ਬਦਲਦੇ ਹਾਲਾਤਾਂ ਅਨੁਸਾਰ ਅਨੁਕੂਲਿਤ ਹੋਣ ਵਿਚ ਪ੍ਰਜਾਤੀਆਂ ਦੀ ਮਦਦ ਕਰਦੇ ਹਨ। ਸਮੁੰਦਰੀ ਟਾਪੂਆਂ ਜਾਂ ਚੌਗਿਰਦੇ ਤੋਂ ਵੱਖਰੇ ਛੋਟੇ ਟੁਕੜਿਆਂ ਉਪਰ ਮਿਲਣ ਵਾਲੀਆਂ ਅੱਡਰੀਆਂ ਅਬਾਦੀਆਂ ਵਿਚ ਉਨ੍ਹਾਂ ਅਬਾਦੀਆਂ ਨਾਲੋਂ ਜੀਨ-ਜਨਿਤ ਵਿਭਿੰਨਤਾ ਘੱਟ ਹੁੰਦੀ ਹੈ ਜੋ ਵੱਡੇ, ਜੁੜੇ ਹੋਏ ਪਰਿਸਥਿਤਿਕ ਪ੍ਰਬੰਧਾਂ ਵਿਚ ਰਹਿੰਦੀਆਂ ਹਨ। ਇਸ ਲਈ ਅੱਡਰੀਆਂ ਅਬਾਦੀਆਂ ਦੇ ਲੁਪਤ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ।

# ਪਰਿਸਥਿਤਿਕ ਵਿਭਿੰਨਤਾ :-

ਪਾਦਪ ਅਤੇ ਜੰਤੂਸਮੂਹ ਅਣਗਿਣਤ ਪਰਿਸਥਿਤਿਕ ਪ੍ਰਬੰਧ ਬਣਾਉਂਦੇ ਹਨ ਜਿਵੇਂ ਕਿ ਜਲੀ (ਦਰਿਆ, ਤਲਾਅ, ਜਲਗਾਹਾਂ, ਜਵਾਰ-ਦਾਹਨੇ, ਸਮੁੰਦਰ, ਦਲਦਲਾਂ, ਮੂੰਗੇ ) ਅਤੇ ਥਲੀ (ਜੰਗਲ,ਮਾਰਥਲ, ਪਹਾੜੀਆਂ, ਘਾਹੀ ਮੈਦਾਨ (ਸਵਾਨਾ),ਚਰਾਂਦਾਂ, ਟੁੰਡਰਾ ) ਨਿਵਾਸ ਸਥਲ। ਛੋਟੇ ਪੱਧਰ 'ਤੇ ਖੇਤ, ਸਕੂਲ ਦੇ ਮੈਦਾਨ, ਗੁਆਂਢ ਦੇ ਪਾਰਕ,ਪਿਛਵਾੜੇ ਅਤੇ ਐਥੇ ਤੱਕ ਕਿ ਪਾਣੀ ਦਾ ਛੋਟਾ ਚਬੱਚਾ ਜਾਂ ਇਕ ਦਰਖਤ ਵੀ ਆਪਣੇ ਆਪ ਵਿਚ ਪਰਿਸਥਿਤਿਕ ਪ੍ਰਬੰਧ ਹਨ।

ਧਰਤੀ ਉੱਪਰ ਪ੍ਰਜਾਤੀਆਂ ਦੀ ਵੰਡ ਇਕਸਾਰ ਨਹੀਂ ਹੈ। ਕੁਝ ਪਰਿਸਥਿਤਿਕ ਪ੍ਰਬੰਧ ਬਹੁਤ ਗੁੰਝਲਦਾਰ ਅਤੇ ਅਨੇਕਾਂ ਪ੍ਰਜਾਤੀਆਂ ਦੇ ਨਿਵਾਸ ਸਥਾਨ ਹਨ, ਜਿਵੇਂ ਕਿ ਊਸ਼ਣ ਕਟੀਬੰਧੀ ਜੰਗਲ। ਦੂਜੇ ਪਰਿਸਥਿਤਿਕ ਪ੍ਰਬੰਧ ਘੱਟ ਜੈਵ-ਵਿਭਿੰਨਤਾ ਵਾਲੇ ਪਰ ਪ੍ਰਜਾਤੀਆਂ ਵਿਲੱਖਣਤਾ ਕਾਰਨ ਉੱਨੇ ਹੀ ਮਹੱਤਵਪੂਰਨ ਹਨ।









# ਜੈਵ-ਵਿਭਿੰਨਤਾ ਕਿੱਥੇ ਹੈ ?

ਜਿਥੇ ਜੀਵਨ ਹੈ ਉਥੇ ਜੈਵ-ਵਿਭਿੰਨਤਾ ਹੈ। ਇਹ ਜੰਗਲਾਂ, ਮਾਰੂਥਲਾਂ, ਵਾੜੇ, ਸ਼ਹਿਰਾਂ ਅਤੇ ਐਥੋਂ ਤੱਕ ਕਿ ਸਾਡੇ ਆਪਣੇ ਘਰਾਂ ਵਿਚ ਵੀ ਪਾਈ ਜਾਂਦੀ ਹੈ। ਅਨੇਕ ਪੌਦੇ, ਜੰਤੂ, ਅਤੇ ਸੂਖਮਜੀਵ ਉਨ੍ਹਾਂ ਇਲਾਕਿਆਂ ਵਿਚ ਵੀ ਜਿਉਂ ਸਕਦੇ ਹਨ ਜਿੱਥੇ ਮਨੁੱਖ ਨਹੀਂ ਜਿਉਂ ਸਕਦਾ ਜਿਵੇਂ ਕਿ ਜੰਮੇ ਹੋਏ ਆਰਕਟਿਕ ਟੁੰਡਰਾ, ਸੁੱਕੇ ਮਾਰੂਥਲ ਜਾਂ ਡੂੰਘੇ ਸਮੁੰਦਰ।

## ਤਾਜ਼ਾ ਪਾਣੀ

### ਛੱਪੜ / ਝੀਲ / ਜਲਗਾਹ

ਇਹਨਾਂ ਸਥਲਾਂ 'ਤੇ ਮੱਛੀਆਂ, ਡੱਡੂਆਂ ਕੀਟਾਂ,
ਘੋਗਿਆਂ ਅਤੇ ਜਲੀ ਪੌਦਿਆਂ ਦੀ ਭਰਮਾਰ ਹੁੰਦੀ ਹੈ ...
ਅਤਿ ਉਪਜਾਊ ਹੋਣ ਕਾਰਨ ਇਹ ਕਈਆਂ ਨੂੰ ਰੋਜ਼ਗਾਰ ਦਿੰਦੇ ਹਨ ...
ਅਤੇ ਇਕ ਕੁਦਰਤ ਪ੍ਰੇਮੀ ਨੂੰ ਖੁਸ਼ੀ ਦਿੰਦੇ ਹਨ ...
ਹੁਣ ਵਿਕਾਸ ਇਨ੍ਹਾਂ ਲਈ ਖ਼ਤਰਾ ਬਣ ਗਿਆ ਹੈ।








## ਲੂਣ-ਜਲੀ

### ਮਹਾਂਸਾਗਰ

ਇਹ ਅੰਧੇਰੇ ਅਤੇ ਡੂੰਘੇ ਹਨ ...
ਅਤੇ ਇਨ੍ਹਾਂ ਵਿਚ ਝਾਕਣਾ ਸੌਖਾ ਨਹੀਂ ...
ਪਰ ਅਤਿ ਸੂਖਮ ਕਣ ਤੋਂ ਲੈ ਕੇ ਸ਼ਾਰਕ ਮੱਛੀ ਤੱਕ
ਦਾ ਸਮੁੱਚਾ ਜੀਵਨ ਐਥੋਂ ਹੀ ਸ਼ੁਰੂ ਹੋਇਆ ...



### ਜਵਾਰ ਦਾਹਨਾ / ਸਮੁੰਦਰੀ ਤਟ

ਜਿਥੇ ਰੰਗਦਾਰ ਮੂੰਗੇ ਰਹਿੰਦੇ ਹਨ। ਮਹਾਂਦੀਪਾਂ ਦੀਆਂ ਸੀਮਾਵਾਂ ਨਾਲ ਲੱਗਦੇ ਸਮੁੰਦਰਾਂ ਅਤੇ ਮਹਾਂਸਾਗਰਾਂ ਵਿਚ ਅਨੇਕਾਂ ਤਰ੍ਹਾਂ ਦੇ ਸਜੀਵ ਪਾਏ ਜਾਂਦੇ ਹਨ। ਇਹ ਕੋਮਲ ਖੇਤਰ ਖ਼ਤਰੇ ਹੇਠ ਹਨ। ਅਧਿਕ ਵਰਤੋਂ ਅਤੇ ਪ੍ਰਦੂਸ਼ਣ ਕਾਰਨ ...





## ਮਾਨਵ ਨਿਰਮਿਤ

### ਖੇਤ

ਵਿਭਿੰਨਤਾ ਦੀ ਅਣਹੋਂਦ ਵਿਚ ਸਾਡੀ ਖਾਣੇ ਦੀ ਥਾਲੀ ਦਾ ਸੁਆਦ ਜਾਂਦਾ ਰਹੇਗਾ। ਕੀ ਤੁਹਾਨੂੰ ਪਤਾ ਸੀ ਕਿ ਅਮਰੀਕਾ ਦੀਆਂ ਅੱਧੀਆਂ ਫ਼ਸਲਾਂ ਏਸ਼ੀਆ ਜਾਂ ਅਫਰੀਕਾ ਵਿਚ ਸ਼ੁਰੂ ਹੋਈਆਂ, ਅਫਰੀਕਾ ਦੀਆਂ 70% ਫ਼ਸਲਾਂ ਏਸ਼ੀਆ ਜਾਂ ਅਮਰੀਕਾ ਤੋਂ ਆਈਆਂ ਅਤੇ ਏਸ਼ੀਆ ਦੀਆਂ 30% ਫ਼ਸਲਾਂ ਵਿਚ ਅਮਰੀਕੀ ਜਾਂ ਅਫਰੀਕੀ ਪ੍ਰਜਾਤੀਆਂ ਸ਼ਾਮਲ ਸਨ?



### ਬਾਗ਼

ਜੇਕਰ ਤੁਸੀਂ 'ਫੁੱਲਾਂ ਦੀ ਘਾਟੀ' ਦੀ ਸੈਰ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਹਿਮਾਲਿਆ ਪਰਬਤ 'ਤੇ ਜਾਣਾ ਪਵੇਗਾ ਪਰ ਪੜੌਸ ਦਾ ਬਾਗ਼ ਹਰ ਰੋਜ਼ ਖੁਸ਼ੀ ਦਿੰਦਾ ਹੈ ...





**ਦਰਿਆ / ਝਰਣਾ**

ਮਨੁੱਖੀ ਸੱਭਿਅਤਾ ਇਨ੍ਹਾਂ ਦੁਆਲੇ ਹੀ ਵਿਕਸਿਤ ਹੋਈ। ਪਰ ਵਧ ਰਹੀਆਂ ਮੰਗਾਂ ਕੁਦਰਤ ਦੀ ਨਵਿਆਉਣਯੋਗਤਾ ਸਮਰਥਾ ਤੋਂ ਵਧ ਰਹੀਆਂ ਹਨ। ਜਾਗਰੂਕਤਾ ਅਤੇ ਸਫਾਈ ਮੁਹਿੰਮਾਂ ਵਿਚ ਭਾਗ ਲੈ ਕੇ ਤੁਸੀਂ ਇਸ ਪੱਖੋਂ ਯੋਗਦਾਨ ਪਾ ਸਕਦੇ ਹੋ।

# ਕੁਦਰਤੀ



**ਟੁੰਡਰਾ**

ਇਹ ਚਿੱਟਾ ਅਤੇ ਠੰਡਾ ਹੈ,ਤਕੜੇ ਪੌਦਿਆਂ ਅਤੇ ਜੰਤੂਆਂ ਨੂੰ ਵੀ ਜਿਉਂਦੇ ਰਹਿਣ ਲਈ ਸੰਘਰਸ਼ ਕਰਨਾ ਪੈਂਦਾ ਹੈ ਪਰ ਸੀਲ ਅਤੇ ਰੀਨਡੀਅਰ ਅਨੁਕੂਲਿਤ ਹਨ।






**ਜੰਗਲ**

ਉਪਰ ਵੇਖਿਆਂ ਤੁਹਾਨੂੰ ਲੰਬੇ-ਲੰਬੇ ਰੁੱਖ ਦਿਸਦੇ ਹਨ। ਹੇਠਾਂ ਦੇਖਿਆਂ ਤੁਹਾਨੂੰ ਮੁਸ਼ਕਲ ਨਾਲ ਮਿੱਟੀ ਦਿਸਦੀ ਹੈ ...

ਚੌਗਿਰਦੇ ਦੇਖਿਆਂ ਤਰ੍ਹਾਂ-ਤਰ੍ਹਾਂ ਦੇ ਰੰਗ ਅਤੇ ਸਜੀਵ ਦਿਸਦੇ ਹਨ... ਕੋਨੀਫਰਾਂ ਤੋਂ ਲੈ ਕੇ ਪਤਝੜੀ ਅਤੇ ਕੰਡਿਆਲੀ ਨੀਵੀਂ ਬਨਸਪਤੀ ਵਾਲੇ ਜੰਗਲ ਅਤੇ ਦੱਖਣੀ ਅਮਰੀਕਾ, ਅਫਰੀਕਾ ਅਤੇ ਦੱਖਣੀ-ਪੂਰਬੀ ਏਸ਼ੀਆ ਦੇ ਪ੍ਰਸਿੱਧ ਊਸ਼ਣ ਕਟੀਬੰਧੀ ਬਰਸਾਤੀ ਜੰਗਲ।



**ਚਰਗਾਹ**

ਅਮਰੀਕਾ ਵਿਚ 'ਪ੍ਰੇਅਰੀਜ਼', ਅਫਰੀਕਾ, ਦੱਖਣੀ ਅਮਰੀਕਾ ਅਤੇ ਭਾਰਤ ਵਿਚ 'ਸਾਵੰਨਾ' ਅਤੇ ਰੂਸ ਵਿਚ 'ਸਟੈੱਪੀਜ਼' ਦੇ ਨਾਂ ਨਾਲ ਜਾਣੇ ਜਾਂਦੇ ਇਹਨਾਂ ਪ੍ਰਸਥਿਤਿਕ ਪ੍ਰਬੰਧਾਂ 'ਤੇ ਹੁਣ ਖੇਤੀ ਕੀਤੀ ਜਾਣ ਲੱਗ ਪਈ ਹੈ।

# ਥਲੀ



**ਮਾਰੂਥਲ**

ਜੇਕਰ ਤੁਸੀਂ ਸੋਚਦੇ ਹੁੰਦੇ ਸੀ ਕਿ ਮਾਰੂਥਲ ਨੀਰਸ ਹੁੰਦੇ ਹਨ, ਤਾਂ ਤੁਸੀ ਆਪਣੀ ਰਾਇ ਬਦਲ ਲਓਗੇ

ਜੇਕਰ ਤੁਸੀਂ ਇਸ ਖੇਤਰ ਦੇ ਸੁੰਦਰ ਕੰਡਿਆਲੇ ਕੈਕਟਸਾਂ ਦੀ ਵਿਭਿੰਨਤਾ, ਰੇਂਗਣ ਵਾਲੇ ਜੰਤੂਅਤੇ ਸੁੰਦਰ ਬਣਧਾਰੀ ਜੰਤੂਦੇਖ ਲਓ।

# ਜੈਵ-ਵਿਭਿੰਨਤਾ ਦੀ ਮਹੱਤਤਾ

ਜੈਵ-ਵਿਭਿੰਨਤਾ ਸਾਡੀਆਂ ਮੌਲਿਕ ਲੋੜਾਂ ਜਿਵੇਂ ਕਿ ਭੋਜਨ, ਤਾਜ਼ਾ ਪਾਣੀ, ਸਾਫ ਹਵਾ, ਦਵਾਈਆਂ, ਨਿਵਾਸ ਸਥਲ ਆਦਿ ਲਈ ਸਮਾਨ ਅਤੇ ਸੇਵਾਵਾਂ ਪ੍ਰਦਾਨ ਕਰਦੀ ਹੈ। ਇਹ ਸਾਡੇ ਮਨੋਰੰਜਨ ਅਤੇ ਮਾਨਸਿਕ ਸ਼ਾਂਤੀ ਲਈ ਵੀ ਜ਼ਰੂਰੀ ਹੈ।

## ਪ੍ਰਤੱਖ ਲਾਭ :-

**ਭੋਜਨ :-**

ਸਾਡੀ ਧਰਤੀ 'ਤੇ ਮੁਢਲੇ ਉਤਪਾਦਕ ਪੌਦੇ ਹਨ। ਇਹ ਵਾਤਾਵਰਨ ਦੇ ਅਕਾਰਬਨਿਕ ਅੰਸ਼ਾਂ ਨੂੰ ਸੂਰਜੀ ਰੌਸ਼ਨੀ ਦੀ ਹੋਂਦ ਵਿਚ ਗੁੰਝਲਦਾਰ ਕਾਰਬਨਿਕ ਯੋਗਿਕਾਂ ਵਿਚ ਬਦਲ ਸਕਦੇ ਹਨ। ਸੰਸਾਰ ਭਰ ਵਿਚ ਲੋਕਾਂ ਦੁਆਰਾ ਵਰਤੀ ਜਾਂਦੀ ਭੋਜਨ – ਊਰਜਾ ਦਾ 90% ਤੋ ਵੱਧ ਭਾਗ ਲਗਭਗ 80 ਪੌਦਾ ਪ੍ਰਜਾਤੀਆਂ ਤੋਂ ਆਉਂਦਾ ਹੈ ਜਿਸ ਵਿੱਚੋਂ ਮੁੱਖ ਭੋਜਨ ਮੁੱਖ ਤੌਰ 'ਤੇ ਤਿੰਨ ਮੁੱਖ ਪ੍ਰਜਾਤੀਆਂ ਕਣਕ, ਚੌਲ, ਅਤੇ ਮੱਕੀ ਤੋਂ ਮਿਲਦਾ ਹੈ।

**ਦਵਾਈਆਂ :-**

ਅਨੁਮਾਨ ਹੈ ਕਿ ਸੰਸਾਰ ਦੀ 80% ਅਬਾਦੀ ਦਵਾਈਆਂ ਮੁਢਲੇ ਤੌਰ 'ਤੇ ਪੌਦਿਆਂ ਤੋਂ ਪ੍ਰਾਪਤ ਕਰਦੀ ਹੈ। ਬਜ਼ਾਰ ਵਿਚਲੀਆਂ ਕਰੀਬ 30% ਦਵਾਈਆਂ ਵੀ ਪੌਦਿਆਂ ਅਤੇ ਜੰਤੂਆਂ ਤੋਂ ਪ੍ਰਾਪਤ ਹੁੰਦੀਆਂ ਹਨ। ਪੈਨਿਸੀਲਿਨ ਵਰਗੀਆਂ ਕਈ ਪ੍ਰਤੀ ਜੈਵਿਕ ਦਵਾਈਆਂ ਉੱਲੀਆਂ ਤੋਂ ਪ੍ਰਾਪਤ ਹੁੰਦੀਆਂ ਹਨ, ਮਲੇਰੀਆ ਰੋਧੀ ਦਵਾਈਆਂ ਸਿਨਕੋਨਾ ਰੁੱਖ ਦੇ ਛਿੱਲੜ ਤੋਂ ਪ੍ਰਾਪਤ ਹੁੰਦੀਆਂ ਹਨ। ਯਿਉ ਰੁੱਖ ਦੇ ਛਿੱਲੜ ਤੋਂ ਅੰਡੇਦਾਨੀ ਅਤੇ ਛਾਤੀ ਦੇ ਕੈਂਸਰ ਦਾ ਇਲਾਜ ਤਿਆਰ ਕੀਤਾ ਗਿਆ ਹੈ, ਟਰਮੀਨੇਲੀਆ ਪ੍ਰਜਾਤੀ ਤੋਂ ਕਬਜ਼ ਰੋਕੂ ਅਤੇ ਸੋਜ-ਉਤਾਰੂ ਦਵਾਈਆਂ ਬਣਾਈਆਂ ਗਈਆਂ ਹਨ, ਆਦਿ ।

**ਲੱਕੜ :-**

ਆਮ ਤੌਰ ਤੇ ਘਰ ਅਤੇ ਫਰਨੀਚਰ ਕਈ ਕਿਸਮਾਂ ਦੇ ਰੁੱਖਾਂ ਤੋਂ ਮਿਲੀ ਲੱਕੜ ਤੋਂ ਬਣਾਏ ਜਾਂਦੇ ਹਨ। ਟੀਕ, ਸਾਲ੍ਹ, ਮਹਾਗਨੀ, ਗੁਲਾਬ ਆਦਿ ਦੀ ਲੱਕੜ ਵਿਸ਼ੇਸ਼ ਮਹੱਤਵ ਰੱਖਦੀ ਹੈ। ਪੰਜਾਬ ਵਿਚ ਟਾਹਲੀ ਦੀ ਲੱਕੜ ਦੀ ਬਹੁਤ ਵਰਤੋਂ ਹੁੰਦੀ ਹੈ।

**ਬਾਲਣ, ਰੇਸ਼ੇ ਅਤੇ ਹੋਰ ਸ੍ਰੋਤ :-**

ਕੱਪੜੇ ਬਣਾਉਣ ਲਈ ਜੈਵ-ਵਿਭਿੰਨਤਾ ਤੋਂ ਸਾਨੂੰ ਕਈ ਤਰ੍ਹਾਂ ਦੇ ਰੇਸ਼ੇ (ਜਿਵੇਂ ਕਪਾਹ, ਜੂਟ, ਰੇਸ਼ਮ ) ਅੱਗ ਬਾਲਣ ਲਈ ਬਾਲਣ ਅਤੇ ਹੋਰ ਸ੍ਰੋਤ ਜਿਵੇਂ ਕਿ ਤੇਲ, ਰੇਜ਼ਿਨ, ਗੂੰਦਾਂ, ਰਬੜ ਆਦਿ ਮਿਲਦੇ ਹਨ।

## ਅਪ੍ਰਤੱਖ ਲਾਭ :-



**ਵਾਤਾਵਰਨੀ ਸੇਵਾਵਾਂ :-**

ਜੈਵ-ਵਿਭਿੰਨਤਾ ਜੀਵਨ ਨੂੰ ਚੱਲਦਾ ਰੱਖਣ ਲਈ ਕਈ ਸੇਵਾਵਾਂ ਪ੍ਰਦਾਨ ਕਰਦੀ ਹੈ ਜੋ ਸਾਡੇ ਅੰਦਾਜ਼ੇ ਤੋਂ ਕਈ ਗੁਣਾਂ ਵੱਧ ਕੀਮਤੀ ਹਨ।


**ਹਵਾ ਅਤੇ ਜਲ -ਸ਼ੁੱਧੀਕਰਨ :-**

ਸਾਡੇ ਸਾਹ ਲੈਣ ਲਈ ਵਰਤੀ ਜਾਂਦੀ ਹਵਾ ਅਤੇ ਪੀਣ ਲਈ ਵਰਤਿਆ ਜਾਂਦਾ ਪਾਣੀ ਪੌਦਿਆਂ ਕਾਰਨ ਹੀ ਹੈ। ਕਾਰਬਨ ਡਾਈਅਕਸਾਈਡ ਨੂੰ ਸੋਖਣ, ਆਕਸੀਜਨ ਛੱਡਣ, ਜਲ ਵਾਸ਼ਪਾਂ ਨੂੰ ਨਿਯੰਤਰਿਤ ਕਰਨ ਅਤੇ ਪੋਸ਼ਕ ਤੱਤਾਂ ਦੇ ਚੱਕਰਨ ਵਿਚ ਜੰਗਲਾਂ ਦੀ ਵੱਡੀ ਭੂਮਿਕਾ ਹੈ। ਇਹ ਸਬੰਧਤ ਖੇਤਰ ਦੀ ਜਲਵਾਯੂ ਉੱਤੇ ਵੀ ਪ੍ਰਭਾਵ ਪਾਉਂਦੇ ਹਨ ਅਤੇ ਜਲ-ਚੱਕਰ ਨੂੰ ਚੱਲਦਾ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਲਗਾਹਾਂ ਅਤੇ ਜਲਗਾਹੀ ਪ੍ਰਜਾਤੀਆਂ ਜਲ-ਫਿਲਟਰਾਂ ਵਜੋਂ ਵੀ ਕੰਮ ਕਰਦੀਆਂ ਹਨ। ਇਸ ਤੋਂ ਇਲਾਵਾ ਸਮੁੰਦਰ ਵਿਚਲੀਆਂ ਕਾਈਆਂ ਕਾਰਬਨ ਡਾਈਆਕਸਾਈਡ ਸੋਖ ਕੇ ਆਕਸੀਜਨ ਛੱਡਦੀਆਂ ਹਨ।

### ਸੋਕਾ ਅਤੇ ਹੜ੍ਹ ਨਿਯੰਤਰਨ :-

ਪੌਦਾ ਪ੍ਰਜਾਤੀਆਂ ,ਖਾਸ ਤੌਰ ਤੇ ਜੰਗਲੀ ਅਤੇ ਜਲਗਾਹੀ, ਮਿੱਟੀ ਦੇ ਕਣਾਂ ਨੂੰ ਬੰਨ੍ਹ ਕੇ ਅਤੇ ਭੂ-ਜਲ ਸ੍ਰੋਤਾਂ ਨੂੰ ਮੁੜ ਚਾਰਜ ਕਰਕੇ ਹੜ-ਨਿਯੰਤਰਨ ਦਾ ਕੰਮ ਕਰਦੀਆਂ ਹਨ। ਇਨ੍ਹਾਂ ਦੀਆਂ ਜੜ੍ਹਾਂ ਮਿੱਟੀ ਦੇ ਕਣਾਂ ਨੂੰ ਬੰਨ੍ਹ ਕੇ ਭੌਂ-ਖੋਰ ਅਤੇ ਗਾਰ-ਸਥਲਣ ਨੂੰ ਰੋਕਦੀਆਂ ਹਨ। ਵਾਯੂਮੰਡਲ ਵਿਚਲੇ ਜਲ-ਵਾਸ਼ਪਾਂ ਨੂੰ ਨਿਯੰਤਰਿਤ ਕਰਕੇ ਇਹ ਸੋਕਾ ਰੋਕਣ ਵਿਚ ਮਦਦ ਕਰਦੇ ਹਨ।

ਸੋਕਾ ਅਤੇ ਹੜ ਨਿਯੰਤਰਨ ਦੀਆਂ ਇਹ ਕੁਦਰਤੀ ਸੇਵਾਵਾਂ ਦਰਿਆਵਾਂ ਦੇ ਨਾਲ-ਨਾਲ ਅਤੇ ਸੁੱਕੇ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਲਈ ਖਾਸ ਤੌਰ 'ਤੇ ਮਹੱਤਵਪੂਰਨ ਹਨ।



### ਪੋਸ਼ਕ ਤੱਤਾਂ ਦਾ ਚੱਕਰਨ :-

ਵਿਗਿਆਨੀਆਂ ਨੇ ਅੰਦਾਜ਼ਾ ਲਾਇਆ ਹੈ ਕਿ ਇੱਕ ਚੁਟਕੀ ਮਿੱਟੀ ਵਿਚ 30,000 ਤੋਂ ਵੱਧ ਪ੍ਰੋਟਜ਼ੋਆ, ਲੱਖਾਂ-ਕਰੋੜਾਂ ਜੀਵਾਣੂ, ਅਨੇਕਾਂ ਉੱਲੀਆਂ ਤੇ ਕਾਈਆਂ ਅਤੇ ਬਹੁਤ ਸਾਰੇ ਕੀਟ ,ਕਿਰਮ ਅਤੇ ਪੱਤ-ਜੂੰਆਂ ਹੋ ਸਕਦੀਆਂ ਹਨ। ਇਹ ਮ੍ਰਿਤ ਪੌਦਿਆਂ ਅਤੇ ਜੰਤੂਆਂ ਦਾ ਅਪਘਟਨ ਕਰਕੇ ਪੋਸ਼ਕ ਤੱਤਾਂ ਦਾ ਚੱਕਰਨ ਕਰਨ ਵਿਚ ਮਦਦ ਕਰਦੇ ਹਨ ਜਿਸ ਨਾਲ ਮਿੱਟੀ ਦੀ ਉਪਜਾਊਸ਼ਕਤੀ ਵਧਦੀ ਹੈ।

### ਨਿਵਾਸ ਸਥਲ :-

ਕੁਦਰਤੀ ਪਰਿਸਥਿਤਿਕ ਪ੍ਰਬੰਧ ਸਾਰੇ ਸੰਸਾਰ ਦੀਆਂ ਪ੍ਰਜਾਤੀਆਂ ਲਈ ਨਿਵਾਸ ਸਥਲ ਪ੍ਰਦਾਨ ਕਰਦੇ ਹਨ। ਜੰਗਲ, ਜਲਗਾਹਾਂ, ਸਮੁੰਦਰ, ਝੀਲਾਂ ਅਤੇ ਦਰਿਆ ਹਜ਼ਾਰਾਂ, ਪੰਛੀਆਂ, ਪਸ਼ੂਆਂ, ਮੱਛੀਆਂ, ਕੀਟਾਂ ਆਦਿ ਨੂੰ ਨਿਵਾਸ ਸਥਲ ਪ੍ਰਦਾਨ ਕਰਦੇ ਹਨ। ਐਥੋ ਤੱਕ ਕਿ ਸ਼ਹਿਰਾਂ ਵਿਚਲੀਆਂ ਖੁੱਲ੍ਹੀਆਂ ਥਾਵਾਂ ਭਰਵੀਂ ਜੈਵ-ਵਿਭਿੰਨਤਾ ਦਾ ਨਿਵਾਸ ਸਥਲ ਹੋ ਸਕਦੀਆ ਹਨ।

### ਪਰਾਗਣ : -

ਸਾਡੀਆਂ ਅਨੁਮਾਨਤ 30% ਖਾਧ ਫਸਲਾਂ ਪਰਾਗਣ ਲਈ ਮਧੂ-ਮੱਖੀਆਂ, ਪੰਛੀਆਂ, ਚਮਗਾਦੜਾਂ,ਕੀਟਾਂ, ਤਿਤਲੀਆਂ, ਮੱਕੜੀਆਂ ਆਦਿ ' ਤੇ ਨਿਰਭਰ ਕਰਦੀਆਂ ਹਨ ਪਰ ਅਸੀਂ ਇਨ੍ਹਾਂ ਦੀ ਆਰਥਿਕ ਕੀਮਤ ਨਹੀਂ ਪਛਾਣਦੇ। ਅਨੁਮਾਨ ਹੈ ਕਿ ਇੱਕਲੇ ਅਮਰੀਕਾ ਵਿਚ ਹੀ ਕੀਟ- ਪਰਾਗਣ ਕਾਰਨ ਤੀਹ ਅਰਬ ਡਾਲਰ ਸਲਾਨਾ ਤੋਂ ਵੀ ਵੱਧ ਦਾ ਲਾਭ ਹੁੰਦਾ ਹੈ।

### ਵਾਤਾਵਰਨੀ ਸੈਰ-ਸਪਾਟਾ :-

ਸੰਸਾਰ ਵਿਚ ਕਈ ਦੇਸ਼ ਸਮੁੰਦਰੀ ਕੰਢਿਆਂ ,ਪਹਾੜਾਂ,ਜੰਗਲਾਂ,ਝੀਲਾਂ ਆਦਿ ਵਰਗੇ ਕੁਦਰਤੀ ਸੁੰਦਰਤਾ ਵਾਲੇ ਖੇਤਰਾਂ ਵਿਚ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਕੇ ਚੋਖਾ ਪੈਸਾ ਕਮਾਉਂਦੇ ਹਨ। ਭਾਰਤ ਵਿਚ ਵੀ ਸਾਰੀਆਂ ਮਹੱਤਵਪੂਰਨ ਸੈਰਗਾਹਾਂ ਜਿਵੇਂ ਕਿ ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਗੋਆ, ਕੇਰਲ, ਅਤੇ ਉੱਤਰ-ਪੂਰਬੀ ਖੇਤਰ ਆਪਣੀ ਕੁਦਰਤੀ ਸੁੰਦਰਤਾ ਅਤੇ ਜੈਵ-ਵਿਭਿੰਨਤਾ ਲਈ ਪ੍ਰਸਿੱਧ ਹਨ। ਇਨ੍ਹਾਂ ਖੇਤਰਾਂ ਵਿਚ ਕੈਂਪ ਲਾਉਣ, ਪਦਯਾਤਰਾਵਾਂ ਅਤੇ ਜੰਗਲੀ ਜੀਵਨ ਦੀਆਂ ਫੋਟੋਆਂ ਉਤਾਰਨ ਵਰਗੀਆਂ ਗਤੀਵਿਧੀਆਂ ਉਪਰ ਹਰ ਸਾਲ ਲੱਖਾਂ ਕਰੋੜਾਂ ਰੁਪਏ ਖਰਚੇ ਜਾਂਦੇ ਹਨ।

### ਸੱਭਿਆਚਾਰਕ ਅਤੇ ਪ੍ਰੇਰਨਾਦਾਇਕ ਗੁਣ :-

ਸਾਡਾ ਸੱਭਿਆਚਾਰ ਸਾਨੂੰ ਕੁਦਰਤ ਦਾ ਸਤਿਕਾਰ ਅਤੇ ਰੱਖਿਆ ਕਰਨ ਲਈ ਪ੍ਰੇਰਦਾ ਹੈ। ਸਾਡੇ ਭਜਨ ਅਤੇ ਗ੍ਰੰਥ ਸੂਰਜ, ਮਿੱਟੀ ਅਤੇ ਪਾਣੀ ਨੂੰ ਪੂਜਨੀਕ ਸਥਾਨ ਦਿੰਦੇ ਹਨ। ਬਹੁਤ ਸਾਰੇ ਪੌਦਿਆਂ ਅਤੇ ਜੰਤੂਆਂ ਨੂੰ ਵੀ ਪਵਿੱਤਰ ਮੰਨ ਕੇ ਸਾਡੇ ਧਾਰਮਿਕ, ਅਧਿਆਤਮਿਕ ਅਤੇ ਸੱਭਿਆਚਾਰਕ ਰਸਮਾਂ ਵਿਚ ਵਰਤਿਆ ਜਾਂਦਾ ਹੈ। ਸਾਡੇ ਅਨੇਕਾਂ ਰੀਤੀ-ਰਿਵਾਜ, ਤਿਉਹਾਰ ਅਤੇ ਛੁੱਟੀਆਂ ਪਾਦਪ ਅਤੇ ਜੰਤੂ ਪ੍ਰਜਾਤੀਆਂ ਉੱਪਰ ਅਧਾਰਿਤ ਹਨ। ਅਰਾਮ, ਸੁੰਦਰਤਾ ਅਤੇ ਸ਼ਾਂਤੀ ਦੇ ਵਿਲੱਖਣ ਸੋਮੇ ਦੇ ਰੂਪ ਵਿਚ ਕੁਦਰਤ ਸਾਡਾ ਤਨਾਅ ਦੂਰ ਕਰਕੇ ਸਾਡੀ ਮਾਨਸਿਕ ਸਿਹਤ ਨੂੰ ਮੁੜ ਸੁਰਜੀਤ ਕਰਦੀ ਹੈ।

# ਸਾਨੂੰ ਚਿੰਤਾ ਕਿਉਂ ਕਰਨੀ ਚਾਹੀਦੀ ਹੈ ?

ਕੁਝ ਪ੍ਰਜਾਤੀਆਂ ਸਮੇਂ ਦੇ ਨਾਲ ਕੁਦਰਤੀ ਤੌਰ 'ਤੇ ਹੀ ਅਲੋਪ ਹੋ ਜਾਂਦੀਆਂ ਹਨ। ਪਥਰਾਟੀ ਰਿਕਾਰਡਾਂ ਦੇ ਅਧਾਰ 'ਤੇ ਵਿਗਿਆਨੀਆਂ ਨੇ ਅੰਦਾਜ਼ਾ ਲਗਾਇਆ ਹੈ ਕਿ ਇਸ ਕੁਦਰਤੀ ਢੰਗ ਨਾਲ ਇਕ ਤੋਂ ਦਸ ਪ੍ਰਜਾਤੀਆਂ ਹਰ ਸਾਲ ਅਲੋਪ ਹੋ ਜਾਂਦੀਆਂ ਹਨ। ਪਰ ਕੁਝ ਭੂਗੋਲਿਕ ਕਾਲਾਂ ਦੌਰਾਨ ਪ੍ਰਜਾਤੀਆਂ ਦੀ ਇਕ ਵੱਡੀ ਗਿਣਤੀ ਅਲੋਪ ਹੋਈ। ਧਰਤੀ ਉਪਰ ਜੀਵਨ ਦੇ ਪਨਪਣ ਤੋਂ ਲੈ ਕੇ ਹੁਣ ਤਕ ਵਿਗਿਆਨੀਆਂ ਨੇ ਪੰਜ ਮਹਾਂ-ਪਰਲੋ ਦਰਜ ਕੀਤੇ ਹਨ। ਇਹ ਮੰਨਿਆ ਜਾਂਦਾ ਹੈ ਕਿ ਅਲੋਪ ਹੋਣ ਦੀ ਦਰ ਹੁਣ ਫਿਰ ਬਹੁਤ ਵੱਧ ਹੈ ਜਿਸ ਦਾ ਮੁੱਖ ਕਾਰਨ ਮਨੁੱਖੀ ਦਬਾਅ ਹੈ। ਵਧ ਰਹੀ ਅਬਾਦੀ (2.5 ਤੋਂ 6 ਅਰਬ ਲੋਕ), ਕੁਦਰਤੀ ਸੰਸਾਧਨਾਂ ਦੀ ਵੱਧ ਵਰਤੋਂ, ਤੇਜ਼ ਉਦਯੋਗੀਕਰਨ ਤੇ ਸ਼ਹਿਰੀਕਰਨ ਅਤੇ ਇਨ੍ਹਾਂ ਦੇ ਨਤੀਜੇ ਵਜੋਂ ਹੋਣ ਵਾਲਾ ਵਾਤਾਵਰਨੀ ਪ੍ਰਦੂਸ਼ਣ ਧਰਤੀ ਉੱਪਰਲੀ ਜੈਵ-ਵਿਭਿੰਨਤਾ ਉੱਪਰ ਮਾੜਾ ਅਸਰ ਪਾ ਰਹੇ ਹਨ। ਸੰਸਾਰ ਦੀਆਂ ਅਜਿਹੀਆਂ ਖਤਰੇ ਹੇਠਲੀਆਂ ਪ੍ਰਜਾਤੀਆਂ ਦਾ ਰਿਕਾਰਡ ਰੱਖਣ ਦੀ ਕੋਸ਼ਿਸ਼ ਕਈ ਅੰਤਰ ਰਾਸ਼ਟਰੀ ਸੰਸਥਾਵਾਂ ਵੱਲੋਂ ਕੀਤੀ ਜਾ ਰਹੀ ਹੈ।(ਸਾਰਣੀ)








ਜ਼ਰੂਰੀ ਹੈ ਕਿ ਅਸੀਂ ਟਿਕਾਊ ਵਿਕਾਸ ਨੂੰ ਉਤਸ਼ਾਹਿਤ ਕਰੀਏ ਅਤੇ ਆਪਣੇ ਕੁਦਰਤੀ ਸਰੋਤਾਂ ਨੂੰ ਸੰਭਾਲਣ ਲਈ ਉਪਰਾਲੇ ਕਰੀਏ।

| | ਲੁ: (EX) | ਖ.ਹ. (E) | ਖ.ਕ਼ (V) | ਦੁ: (R) | ਅ: (I) | ਸੰਸਾਰ ਵਿਚ ਖਤਰੇ ਹੇਠਲੇ ਕੁਲ ਵਰਗ (ਵਿ.ਸ.ਸ.ਅਨੁਸਾਰ) |
|---|---|---|---|---|---|---|
| ਪੌਦੇ | 384 | 3325 | 3022 | 6749 | 5598 | 19078 |
| ਮੱਛੀਆਂ | 23 | 81 | 135 | 83 | 21 | 343 |
| ਜਲ ਥਲੀ ਪ੍ਰਾਣੀ | 2 | 9 | 9 | 20 | 10 | 50 |
| ਰੇਂਗਣ ਵਾਲੇ ਜੰਤੂ | 21 | 37 | 39 | 41 | 32 | 170 |
| ਅਰੀੜ੍ਹਧਾਰੀ ਜੰਤੂ | 98 | 221 | 234 | 188 | 614 | 1355 |
| ਪੰਛੀ | 113 | 111 | 67 | 122 | 624 | 1037 |
| ਥਣਧਾਰੀ | 83 | 172 | 141 | 37 | 64 | 497 |

ਸੰਕੇਤ :- ਲੁ - ਲੁਪਤ(ਸੰਨ 1600 ਤੋਂ ਬਾਅਦ), ਖ.ਹ.- ਖਤਰੇ ਹੇਠ, ਖ.ਸ. - ਇਨ੍ਹਾਂ ਨੂੰ ਖਤਰਾ ਹੋ ਸਕਦਾ ਹੈ ਦੁ-ਦੁਰਲਭ,ਅ - ਅਸਪਸ਼ਟ, ਵਿ.ਸ.ਸ - ਵਿਸ਼ਵ ਸੰਭਾਲ ਸੰਗਠਨ।



# ਜੈਵ-ਵਿਭਿੰਨਤਾ ਨੂੰ ਖੋਰਾ ਲਾਉਣ ਵਾਲੇ ਕਾਰਕ :-

ਜੈਵ-ਵਿਭਿੰਨਤਾ ਨੂੰ ਖੋਰਾ ਲੱਗਣ ਦੇ ਮੁੱਖ ਕਾਰਨ ਹਨ- ਕੁਦਰਤੀ ਅਵਾਸਾਂ ਦਾ ਨਸ਼ਟ ਹੋਣਾ, ਕੁਦਰਤੀ ਸ੍ਰੋਤਾਂ ਦੀ ਵੱਧ ਵਰਤੋਂ, ਪ੍ਰਦੂਸ਼ਣ, ਬਦਲਦਾ ਜਲਵਾਯੂ ਅਤੇ ਬਾਹਰੋਂ ਆਈਆਂ ਪ੍ਰਜਾਤੀਆਂ।


ਮਨੁੱਖ ਦੇ ਕੰਮਾਂ ਜਿਵੇਂ ਕਿ ਜੰਗਲਾਂ ਦੀ ਕਟਾਈ, ਤੇਜ਼ ਉਦਯੋਗੀਕਰਨ, ਜਲਗਾਹਾਂ ਦਾ ਖ਼ਾਤਮਾ, ਨਵੀਆਂ ਇਮਾਰਤਾਂ ਦੀ ਉਸਾਰੀ, ਖਾਨਾਂ ਦੀ ਖੁਦਾਈ ਆਦਿ ਕਾਰਨ ਪੂਰੇ ਸੰਸਾਰ ਵਿਚ ਅਵਾਸ ਬਦਲ ਰਹੇ ਹਨ। ਇਨ੍ਹਾਂ ਕਾਰਜਾਂ ਕਾਰਨ ਭੂ-ਦਿੱਖ ਬਦਲਦੀ ਹੈ, ਪਾਣੀ ਦਾ ਕੁਦਰਤੀ ਵਹਾਅ ਪ੍ਰਭਾਵਿਤ ਹੁੰਦਾ ਹੈ ਅਤੇ ਪ੍ਰਜਾਤੀਆਂ ਦੀ ਬਨਾਵਟ ਪ੍ਰਭਾਵਿਤ ਹੁੰਦੀ ਹੈ। ਕਈ ਥਾਵਾਂ ਭੂ-ਖੋਰ ਦਾ ਸ਼ਿਕਾਰ ਹੋ ਜਾਂਦੀਆਂ ਹਨ। ਬਾਕੀ ਦੀਆਂ ਛੋਟੇ-ਛੋਟੇ ਟੁਕੜਿਆਂ ਵਿਚ ਵਿਭਾਜਿਤ ਹੋ ਜਾਂਦੀਆਂ ਹਨ ਜਿਸ ਨਾਲ ਕਈ ਪ੍ਰਜਾਤੀਆਂ ਅਲੱਗ-ਥਲੱਗ ਪੈ ਜਾਂਦੀਆਂ ਹਨ ਜਿਸ ਕਾਰਨ ਉਹ ਆਪੋ ਵਿਚ ਹੀ ਪ੍ਰਜਨਣ ਕਰਨ ਲੱਗਦੀਆਂ ਹਨ। ਇਸ ਨਾਲ ਜੀਨ-ਜਣਿਤ ਵਿਭਿੰਨਤਾ ਘਟਦੀ ਹੈ ਅਤੇ ਪ੍ਰਜਾਤੀਆਂ ਸਥਾਨਕ ਤੌਰ 'ਤੇ ਲੁਪਤ ਹੋ ਜਾਂਦੀਆਂ ਹਨ। ਇਸ ਤੋਂ ਬਿਨਾਂ, ਕੁਝ ਪਾਦਪ ਅਤੇ ਜੰਤੂ ਪ੍ਰਜਾਤੀਆਂ ਦੀ ਵਰਤੋਂ ਉਨ੍ਹਾਂ ਦੇ ਨਵੀਨੀਕਰਨ ਦੀ ਦਰ ਤੋਂ ਵੱਧ ਹੋਣ ਲੱਗਦੀ ਹੈ। ਇਸ ਨਾਲ ਅਜਿਹੀਆਂ ਪ੍ਰਜਾਤੀਆਂ ਘਟ ਸਕਦੀਆਂ ਹਨ।

ਵਿਗਿਆਨਕ ਅਧਿਐਨ ਵੀ ਦੱਸਦੇ ਹਨ ਕਿ ਉਦਯੋਗੀਕਰਨ ਦੇ ਵਧਣ ਅਤੇ ਪਥਰਾਟੀ ਬਾਲਣਾਂ ਨੂੰ ਬਾਲਣ ਨਾਲ ਪੂਰੀ ਧਰਤੀ ਦਾ ਜਲਵਾਯੂ ਬਦਲ ਰਿਹਾ ਹੈ। ਵਾਯੂਮੰਡਲ ਵਿਚ ਕਾਰਬਨ ਡਾਈਆਕਸਾਈਡ ਅਤੇ ਹੋਰ ਗੈਸਾਂ ਦੇ ਵਧਣ ਨਾਲ ਭੂ-ਮੰਡਲੀ ਤਾਪਮਾਨ ਵਧਦਾ ਹੈ ਅਤੇ ਕੁਦਰਤੀ ਜਲਵਾਯੂ ਬਦਲ ਜਾਂਦਾ ਹੈ ਜਿਸ ਨਾਲ ਕੁਝ ਇਲਾਕਿਆਂ ਵਿਚ ਹੜ੍ਹ ਆ ਜਾਂਦੇ ਹਨ ਅਤੇ ਕੁਝ ਹੋਰ ਵਿਚ ਸੋਕੇ ਪੈਂਦੇ ਹਨ। ਉਦਯੋਗਾਂ ਅਤੇ ਨਗਰ ਪਾਲਿਕਾਵਾਂ ਦਾ ਨਿਕਾਸੀ ਵਹਾਅ ਅਤੇ ਖੇਤਾਂ ਆਦਿ ਵਿਚੋਂ ਵਗ ਕੇ ਆਉਣ ਵਾਲਾ ਪਾਣੀ ਦਰਿਆਵਾਂ, ਝੀਲਾਂ ਅਤੇ ਤਟੀ ਖੇਤਰਾਂ ਵਿਚ ਸਿੰਮ ਕੇ ਜਲੀ ਪ੍ਰਬੰਧਾਂ ਨੂੰ ਕੁਪ੍ਰਭਾਵਿਤ ਕਰਦਾ ਹੈ। ਵਾਤਾਵਰਨੀ ਪ੍ਰਦੂਸ਼ਣ ਜੰਤੂਆਂ ਨੂੰ ਮਾਰ ਸਕਦਾ ਹੈ ਅਤੇ ਜਾਂ ਪ੍ਰਜਨਣ ਵਰਗੀਆਂ ਜ਼ਰੂਰੀ ਜੀਵਨ ਕਿਰਿਆਵਾਂ ਵਿਚ ਵਿਘਨ ਪਾ ਸਕਦਾ ਹੈ ਜਿਸ ਨਾਲ ਉਨ੍ਹਾਂ ਦੀ ਭਵਿੱਖਤ ਅਬਾਦੀ ਪ੍ਰਭਾਵਿਤ ਹੁੰਦੀ ਹੈ।

ਇਸ ਤੋਂ ਇਲਾਵਾ ਲੋਕ ਵੀ ਜਾਣੇ-ਅਣਜਾਣੇ ਕਿਸੇ ਖੇਤਰ ਵਿਚ ਬਾਹਰੀ (ਓਪਰੀਆਂ) ਪ੍ਰਜਾਤੀਆਂ ਲੈ ਆਉਂਦੇ ਹਨ। ਇਨ੍ਹਾਂ ਪ੍ਰਜਾਤੀਆਂ ਦੀ ਅਬਾਦੀ ਨੂੰ ਕਾਬੂਹੇਠ ਰੱਖਣ ਵਾਲੇ ਕੁਦਰਤੀ ਹਮਲਾਵਰ ਆਮ ਤੌਰ 'ਤੇ ਉੱਥੇ ਨਹੀਂ ਮਿਲਦੇ। ਇਸ ਕਾਰਨ ਅਜਿਹੀਆਂ ਪ੍ਰਜਾਤੀਆਂ ਭੂਮੀ ਅਤੇ ਪਾਣੀ ਉਪਰ ਦੂਰ-ਦੂਰ ਤਕ ਫੈਲ ਜਾਂਦੀਆਂ ਹਨ ਅਤੇ ਸਥਾਨਕ ਪ੍ਰਜਾਤੀਆਂ ਨੂੰ ਕੁਪ੍ਰਭਾਵਿਤ ਕਰਦੀਆਂ ਹਨ। 'ਗਾਜਰਬੂਟੀ' (ਪਾਰਥੀਨੀਅਮ ਹਿਸਟੇਰੋਫੋਰਸ)

ਨਾਂ ਦਾ ਨਦੀਨ, ਸੱਠਵਿਆਂ ਦੌਰਾਨ ਮੈਕਸੀਕੋ ਤੋਂ ਮੰਗਵਾਈ ਗਈ ਕਣਕ ਨਾਲ ਅਚਾਨਕ ਹੀ ਆ ਗਿਆ ਸੀ। ਇਸ ਨਦੀਨ ਨੇ ਪੰਜਾਬ ਵਿਚ ਵੱਡੇ ਪੱਧਰ 'ਤੇ ਫੈਲ ਕੇ ਸਥਾਨਕ ਪੌਦਿਆਂ ਅਤੇ ਜੰਤੂਆਂ ਨੂੰ ਪ੍ਰਭਾਵਿਤ ਕੀਤਾ ਹੈ। ਲੈਂਟਾਨਾ ਕਾਮਰਾ ਵੀ ਅਜਿਹਾ ਹੀ ਇਕ ਨਦੀਨ ਹੈ ਜਿਸ ਨੇ ਸ਼ਿਵਾਲਿਕ ਪਹਾੜੀ ਖੇਤਰ ਵਿਚ ਵਿਸ਼ਾਲ ਜੰਗਲੀ ਖੇਤਰਾਂ ਵਿਚ ਫੈਲ ਕੇ ਸਥਾਨਕ ਜੜ੍ਹੀਆਂ ਬੂਟੀਆਂ ਦਾ ਨਾਸ਼ ਕਰ ਦਿੱਤਾ ਹੈ। ਇਸੇ ਤਰ੍ਹਾਂ 'ਪਾਣੀ ਦੀ ਬੂਟੀ'(ਆਈਕੌਰਨੀਆ ਕਰੇਸੀਪੀਜ਼) ਨੂੰ ਇਕ ਸਜਾਵਟੀ ਪੌਦੇ ਦੇ ਰੂਪ ਵਿਚ ਭਾਰਤ ਵਿਚ ਲਿਆਂਦਾ ਗਿਆ ਸੀ ਪਰ ਹੁਣ ਇਹ ਇਕ ਪ੍ਰਮੁੱਖ ਜਲੀ ਨਦੀਨ ਬਣ ਕੇ ਜਲ-ਸ੍ਰੋਤਾਂ ਲਈ ਰੁਕਾਵਟ ਬਣ ਰਹੀ ਹੈ।

ਜੈਵ-ਵਿਭਿੰਨਤਾ ਨੂੰ ਖੋਰਾ ਲੱਗਣ ਨਾਲ ਸੰਸਾਰ ਦੇ ਕੁਦਰਤੀ ਪਰਿਸਥਿਤਿਕ ਪ੍ਰਬੰਧ ਅਤੇ ਉਨ੍ਹਾਂ ਦੁਆਰਾ ਦਿੱਤੀਆਂ ਜਾਣ ਵਾਲੀਆਂ ਵਡਮੁੱਲੀਆਂ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ। ਇਨ੍ਹਾਂ ਪ੍ਰਭਾਵਾਂ ਦੀ ਕੀਮਤ ਦੱਸਣੀ ਔਖੀ ਹੈ ਪਰ ਅਨੁਮਾਨ ਹੈ ਕਿ ਭੋਜਨ, ਦਵਾਈਆਂ, ਲੱਕੜੀ, ਬਾਲਣ ਅਤੇ ਹੋਰ ਸ੍ਰੋਤਾਂ ਦੀਆਂ ਕਈ ਕਿਸਮਾਂ ਸਦਾ ਲਈ ਖ਼ਤਮ ਹੋ ਜਾਣਗੀਆਂ ਅਤੇ ਕੁਦਰਤ ਦੁਆਰਾ ਮੁਹੱਈਆ ਕਰਵਾਈਆਂ ਜਾਂਦੀਆਂ ਕਈ ਸੇਵਾਵਾਂ ਜਿਵੇਂ ਕਿ ਜਲਵਾਯੂ, ਹੜ੍ਹਾਂ ਤੇ ਸੋਕੇ ਨੂੰ ਕਾਬੂਕਰਨਾ, ਪੋਸ਼ਕ ਤੱਤਾਂ ਦਾ ਚੱਕਰਨ, ਸਾਫ਼ ਹਵਾ ਤੇ ਪਾਣੀ ਅਤੇ ਪਰਾਗਣ ਪ੍ਰਭਾਵਿਤ ਹੋਣਗੇ। ਇਸ ਨਾਲ ਸਾਡੇ ਸ੍ਰੋਤਾਂ ਅਤੇ ਆਰਥਿਕਤਾ ਉੱਪਰ ਉਹ ਅਸਰ ਪੈ ਸਕਦੇ ਹਨ ਜੋ ਅਸੀਂ ਕਦੇ ਸੋਚੇ ਵੀ ਨਹੀਂ ਹੋਣਗੇ। ਨਾਲ ਹੀ ਜੀਵਨ ਦੀ ਗੁਣਵੱਤਾ ਉੱਪਰ ਅਤਿ ਮਾੜਾ ਅਸਰ ਪੈ ਸਕਦਾ ਹੈ।



# ਜੈਵ-ਵਿਭਿੰਨਤਾ ਦੀ ਮੌਜੂਦਾ ਹਾਲਤ :-

## ਭਾਰਤ

ਭਾਰਤ ਉੱਚ ਕੋਟੀ ਦੀ ਜੈਵ-ਵਿਭਿੰਨਤਾ ਵਾਲਾ ਦੇਸ਼ ਹੈ। ਸੰਸਾਰ ਦੀ ਕੇਵਲ 2.5 % ਧਰਤੀ ਵਾਲੇ ਇਸ ਦੇਸ਼ ਵਿੱਚ 7.8 % ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਐਥੇ ਧਰਾਤਲ, ਜਲਵਾਯੂ ਅਤੇ ਨਿਵਾਸ ਸਥਾਨਾਂ ਵਿਚ ਕਾਫ਼ੀ ਵਿਭਿੰਨਤਾ ਪਾਈ ਜਾਂਦੀ ਹੈ। ਮਹਾਂ-ਵਿਭਿੰਨਤਾ ਵਾਲੇ ਸੰਸਾਰ ਦੇ ਵੀਹ ਸਥਲਾਂ ਵਿਚੋਂ ਦੋ (ਪੂਰਬੀ ਹਿਮਾਲਿਆਈ ਖੇਤਰ ਅਤੇ ਪੱਛਮੀ ਘਾਟ) ਭਾਰਤ ਵਿਚ ਹਨ।

### ਭਾਰਤ ਵਿਚ ਜੰਗਲੀ ਪੌਦਿਆਂ ਦੀ ਵਿਭਿੰਨਤਾ :-

| ਵਰਗ | ਪ੍ਰਜਾਤੀਆਂ ਦੀ ਅਨੁਮਾਨਿਤ ਗਿਣਤੀ | | ਸੰਸਾਰ ਦੇ ਸੰਦਰਭ ਵਿਚ ਭਾਰਤ ਵਿਚ ਪ੍ਰਜਾਤੀਆਂ ਦਾ% |
|---|---|---|---|
| | ਸੰਸਾਰ | ਭਾਰਤ | |
| ਜੀਵਾਣੂ | 2,700 | 850 | 31.48 |
| ਕਾਈਆਂ | 1,00,000 | 23,000 | 23.00 |
| ਉੱਲੀਆਂ | 1,50,000 | 12,500 | 8.00 |
| ਬ੍ਰਾਇਓਫਾਈਟਸ | 1,60,000 | 2,564 | 1.60 |
| ਟੈਰੀਡੋਫਾਈਟਸ | >13,030 | 1,012 | 8.00 |
| ਜਿਮਨੋਸਪਰਮ (ਅਣਕੱਜੇ ਬੀਜਾਂ ਵਾਲੇ ਪੌਦੇ) | 720 | 64 | 9.00 |
| ਫੁੱਲ ਰਹਿਤ ਸਾਰੇ ਪੌਦੇ | 4,06,500 | 30,000 | 7.00 |
| ਐਂਜੀਓਸਪਰਮ (ਕੱਜੇ ਹੋਏ ਬੀਜਾਂ ਵਾਲੇ ਪੌਦੇ | 2,50,000 | 15,000 | 6.00 |
| ਕੁੱਲ | 6,56,500 | 45,000 | 7.00 |

ਸ੍ਰੋਤ :ਵਾਤਾਵਰਨ ਅਤੇ ਜੰਗਲਾਤ ਮੰਤਰਾਲਾ, 1998

### ਭਾਰਤ ਵਿਚ ਪਾਲਤੂ ਪੌਦਿਆਂ ਦੀ ਵਿਭਿੰਨਤਾ :-


| | |
|---|---|
| ਫਸਲਾਂ | 66 ਪ੍ਰਜਾਤੀਆਂ - ਜੰਗਲੀ ਪ੍ਰਜਾਤੀਆਂ ਤੋਂ ਵਿਕਸਿਤ 320 ਭਾਰਤੀ ਪ੍ਰਜਾਤੀਆਂ |
| ਫਲ | 104 ਪ੍ਰਜਾਤੀਆਂ |
| ਮਸਾਲੇ | 21 ਪ੍ਰਜਾਤੀਆਂ |
| ਦਾਲਾਂ ਅਤੇ ਸਬਜ਼ੀਆਂ | 55 ਪ੍ਰਜਾਤੀਆਂ |
| ਰੇਸ਼ਾ | 24 ਪ੍ਰਜਾਤੀਆਂ |
| ਤਿਲਹਣ | 12 ਪ੍ਰਜਾਤੀਆਂ |
| ਵਧੇਰੇ ਵਿਭਿੰਨਤਾ ਵਾਲੀਆਂ ਫਸਲਾਂ | ਚੌਲ (50,000-60,000) ਕਿਸਮਾਂ, ਕਣਕ, ਗੰਨਾ, ਦਾਲਾਂ, ਤਿਲ, ਬੈਂਗਣ, ਨਿੰਬੂ, ਇਲਾਇਚੀ |

ਸ੍ਰੋਤ :ਵਾਤਾਵਰਨ ਅਤੇ ਜੰਗਲਾਤ ਮੰਤਰਾਲਾ, 1998

## ਭਾਰਤ ਵਿਚ ਜੰਗਲੀ ਜਾਨਵਰਾਂ ਦੀ ਵਿਭਿੰਨਤਾ :-

| ਵਰਗ | ਪ੍ਰਜਾਤੀਆਂ ਦੀ ਅੰਦਾਜ਼ਨ ਗਿਣਤੀ | | ਸੰਸਾਰ ਦੇ ਸੰਦਰਭ ਵਿਚ ਭਾਰਤ ਵਿਚ ਪ੍ਰਜਾਤੀਆਂ ਦਾ% |
|---|---|---|---|
| | ਸੰਸਾਰ | ਭਾਰਤ | |
| ਥਣਧਾਰੀ | | 372 | 8.79 |
| ਪੰਛੀ | 9,026 | 1,228 | 13.61 |
| ਰੇਂਗਣਵਾਲੇ ਅਤੇ ਜਲ-ਥਲੀ ਜੰਤੂ | 10,520 | 428 } 204 } | 6.00 |
| ਮੱਛੀਆਂ | 21,723 | 2,546 | 11.72 |
| ਕੀਟ | 9,52,116 | 57,525 | 6.04 |
| ਰਲਵੇਂ-ਮਿਲਵੇਂ ਅਰੀੜ੍ਹਧਾਰੀ | 2,11,994 | 15,033 | 4,232 7.10 |
| ਕੁੱਲ | 12,11,584 | 77,000 | 6.4 |

ਸ੍ਰੋਤ :ਵਾਤਾਵਰਨ ਅਤੇ ਜੰਗਲਾਤ ਮੰਤਰਾਲਾ,1998



## ਭਾਰਤ ਵਿਚ ਪਾਲਤੂ ਜਾਨਵਰਾਂ ਦੀ ਵਿਭਿੰਨਤਾ :-

| | |
|---|---|
| ਪਸ਼ੂ | 27 ਨਸਲਾਂ (ਮੱਝਾਂ ਦੀਆਂ 8 ਨਸਲਾਂ ਸਣੇ-ਪੂਰੀ ਰੇਂਜ |
| ਭੇਡਾਂ | 24 ਨਸਲਾਂ |
| ਬੱਕਰੀਆਂ | 22 ਨਸਲਾਂ |
| ਊਠ | 8 ਨਸਲਾਂ |
| ਘੋੜੇ | 6 ਨਸਲਾਂ |
| ਗਧੇ | 2 ਨਸਲਾਂ |
| ਪੋਲਟਰੀ | 18 ਕਿਸਮਾਂ |

ਸ੍ਰੋਤ :ਵਾਤਾਵਰਨ ਅਤੇ ਜੰਗਲਾਤ ਮੰਤਰਾਲਾ,1998







# ਪੰਜਾਬ

ਪੰਜਾਬ ਸੂਬਾ ਤਿੰਨ ਜ਼ਰਾਇਤੀ – ਜਲਵਾਯੂ ਜ਼ੋਨਾ ਵਿਚ ਵੰਡਿਆ ਜਾ ਸਕਦਾ ਹੈ:

- ਜ਼ੋਨ –1 : ਇਹ ਉੱਪ ਪਹਾੜੀ ਹੈ। ਇਸ ਵਿਚ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਰੋਪੜ ਜ਼ਿਲ੍ਹੇ ਆਉਂਦੇ ਹਨ।
- ਜ਼ੋਨ-2 : ਇਹ ਮੱਧ ਦੇ ਜਲੋੜ੍ਹ ਮੈਦਾਨ ਹਨ। ਇਸ ਵਿਚ ਅੰਮ੍ਰਿਤਸਰ, ਤਰਨਤਾਰਨ,ਕਪੂਰਥਲਾ, ਜਲੰਧਰ, ਨਵਾਂ ਸ਼ਹਿਰ, ਲੁਧਿਆਣਾ,ਫ਼ਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ ਅਤੇ ਮੋਹਾਲੀ ਜ਼ਿਲ੍ਹੇ ਆਉਂਦੇ ਹਨ।
- ਜ਼ੋਨ – 3 : ਇਹ ਦੱਖਣ ਪੱਛਮੀ ਖੁਸ਼ਕ ਖੇਤਰ ਹੈ। ਇਸ ਵਿ ਚ ਬਠਿੰਡਾ, ਫ਼ਰੀਦਕੋਟ, ਫ਼ਿਰੋਜ਼ਪੁਰ, ਮਾਨਸਾ, ਮੋਗਾ, ਮੁਕਤਸਰ, ਬਰਨਾਲਾ, ਜ਼ਿਲ੍ਹੇ ਆਉਂਦੇ ਹਨ।

ਸੂਬੇ ਦਾ 85% ਖੇਤਰ ਖੇਤੀ ਹੇਠ ਅਤੇ ਕਰੀਬ 6% ਖੇਤਰ ਜੰਗਲਾਂ ਹੇਠ ਹੈ। ਸੋ, ਸੂਬੇ ਵਿਚ ਮੁੱਖ ਪਰਿਸਥਿਤਿਕ ਪ੍ਰਬੰਧ ਫਸਲੀ ਹੈ। ਫਸਲੀ ਪੌਦਿਆਂ ਦੀ ਜੀਨ-ਜਨਿਤ ਵਿਭਿੰਨਤਾ ਦੀ ਅਧਿੱਕਤਾ ਲਈ ਸੂਬਾ ਪ੍ਰਸਿੱਧ ਸੀ ਪ੍ਰੰਤੂਐਨੇ ਸਾਲਾਂ ਦੌਰਾਨ ਫਸਲੀ ਪ੍ਰਣਾਲੀ ਵਿਚ ਆਈ ਤਬਦੀਲੀ ਕਾਰਨ ਇਕੋ ਤਰ੍ਹਾਂ ਦੀਆਂ ਫਸਲਾਂ 'ਤੇ ਜ਼ੋਰ ਦਿੱਤਾ ਜਾਣ ਲੱਗ ਪਿਆ ਹੈ ਜਿਸ ਨਾਲ ਪਾਲਤੂਜੀਵ-ਵਿਭਿੰਨਤਾ ਨੂੰ ਖੋਰਾ ਲੱਗਾ ਹੈ।

ਸੂਬੇ ਦੇ ਮੁੱਖ ਜੰਗਲੀ ਖੇਤਰ ਸ਼ਿਵਾਲਿਕ ਇਲਾਕਿਆਂ ਵਿਚ ਹਨ। ਇਨ੍ਹਾਂ ਇਲਾਕਿਆਂ ਵਿਚ ਜੰਤੂ ਅਤੇ ਪਾਦਪ ਜਗਤ ਦੀ ਭਰਮਾਰ ਹੈ। ਕੁਝ ਜੰਗਲ ਬੀੜ੍ਹਾਂ (ਪਟਿਆਲਾ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ), ਰੱਖਾਂ( ਅੰਮ੍ਰਿਤਸਰ, ਕਪੂਰਥਲਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ) ਅਤੇ ਮੰਡ ਖੇਤਰਾਂ ਵਿਚ ਹਨ ।


ਜੈਵ-ਵਿਭਿੰਨਤਾ ਨਾਲ ਭਰਪੂਰ ਸੂਬੇ ਦੇ ਹੋਰ ਖੇਤਰ ਜਲਗਾਹਾਂ ਹਨ। ਸੂਬੇ ਵਿਚ ਅੰਤਰ-ਰਾਸ਼ਟਰੀ ਪੱਧਰ 'ਤੇ ਮਹੱਤਵਪੂਰਨ ਤਿੰਨ ਜਲਗਾਹਾਂ ਹਨ- ਹਰੀਕੇ, ਰੋਪੜ ਅਤੇ ਕਾਂਜਲੀ । ਇਹ ਪ੍ਰਵਾਸੀ ਪੰਛੀਆਂ ਲਈ ਬਸੇਰੇ ਦੀ ਜਗ੍ਹਾ ਹੈ। ਸਰਦੀਆਂ ਦੌਰਾਨ ਪ੍ਰਵਾਸੀ ਪੰਛੀਆਂ ਦੀਆਂ ਕਈ ਦੁਰਲਭ ਪ੍ਰਜਾਤੀਆਂ ਇਨ੍ਹਾਂ ਇਲਾਕਿਆਂ ਵਿਚ ਆਉਂਦੀਆਂ ਹਨ। ਇਨ੍ਹਾਂ ਜਲਗਾਹਾਂ ਵਿਚ ਮੱਛੀਆਂ ਅਤੇ ਹੋਰ ਪੌਦਿਆਂ ਤੇ ਜੰਤੂਆਂ ਦੀਆਂ ਭਰਪੂਰ ਕਿਸਮਾਂ ਵੀ ਮਿਲਦੀਆਂ ਹਨ।

ਭਾਵੇਂ ਸੂਬੇ ਵਿਚ ਜੈਵ-ਵਿਭਿੰਨਤਾ ਨਾਲ ਸਬੰਧਤ ਵਿਸਤ੍ਰਿਤ ਅਧਿਐਨ ਨਹੀਂ ਹੋਏ ਹਨ ਪਰ ਜੰਗਲਾਂ ਤੇ ਜਲਗਾਹਾਂ ਤੋਂ ਵੱਡੀ ਗਿਣਤੀ ਵਿਚ ਪੌਦੇ ਅਤੇ ਜੰਤੂਦਰਜ ਹੋ ਚੁੱਕੇ ਹਨ।

### ਪੰਜਾਬ ਵਿਚ ਜੰਗਲੀ ਪੌਦਿਆਂ ਦੀ ਵਿਭਿੰਨਤਾ :-

| ਵਰਗ | ਪ੍ਰਜਾਤੀਆਂ ਦੀ ਅੰਦਾਜ਼ਨ ਗਿਣਤੀ | ਭਾਰਤ ਦੇ ਸੰਦਰਭ ਵਿਚ ਪੰਜਾਬ ਵਿਚ ਪ੍ਰਜਾਤੀਆਂ ਦਾ% |
|---|---|---|
| ਕਾਈਆਂ | 397 | 5.2 |
| ਉੱਲੀਆਂ | 498 | 7.5 |
| ਲਾਈਕਨਜ਼ | 21 | --- |
| ਬ੍ਰਾਇਓਫਾਈਟਸ | 34 | 1.3 |
| ਟੈਰੀਡੋਫਾਈਟਸ | 48 | 4.7 |
| ਜਿਮਨੋਸਪਰਮ ਅਣਢੱਕੇ ਬੀਜਾਂ ਵਾਲੇ ਪੌਦੇ । | 21 | 32.8 (ਪਾਲਤੂ ਕਿਸਮਾਂ ਸਣੇ) |
| ਐਂਜੀਓਸਪਰਮ (ਢੱਕੇ ਹੋਏ ਬੀਜਾਂ ਵਾਲੇ ਪੌਦੇ) | 1939 | 12.9 |

ਸੋਮਾ : ਤਿਵਾੜੀ ਅਤੇ ਸਾਥੀ, 2005







## ਪੰਜਾਬ ਵਿਚ ਘਰੇਲੂ ਪੌਦਿਆਂ ਦੀ ਵਿਭਿੰਨਤਾ :-



| ਫਸਲਾਂ | ਹਰੀ ਕ੍ਰਾਂਤੀ ਤੋਂ ਪਹਿਲਾਂ ਦੀਆਂ ਕਿਸਮਾਂ | ਹਰੀ ਕ੍ਰਾਂਤੀ ਤੋਂ ਬਾਅਦ ਦੀਆਂ ਕਿਸਮਾਂ | ਵਰਤੀਆਂ ਜਾ ਰਹੀਆਂ ਕਿਸਮਾਂ ਦੀ ਗਿਣਤੀ |
|---|---|---|---|
| ਕਣਕ | 41 | 37 | 13 (3 ਮੁੱਖ) |
| ਚੌਲ | 31 | 18 | 9 (4 ਬਾਸਮਤੀ) |
| ਕਪਾਹ | 17 | 14 | 12 |
| ਮੱਕੀ | 4 | 18 | 11 |
| ਛੋਲਾ | 11 | 10 | 6 |
| ਬਾਜਰਾ | 3 | 10 | 5 |
| ਦਾਲਾਂ | 18 | 34 | 24 |
| ਤਿਲਹਨ | 8 | 27 | 19 |
| ਸਬਜੀਆਂ | 35 ਪ੍ਰਜਾਤੀਆਂ | 148 ਕਿਸਮਾਂ | |
| ਫਲ | 16 ਪ੍ਰਜਾਤੀਆਂ | 67 ਕਿਸਮਾਂ | |
| ਸਜਾਵਟੀ ਰੁੱਖ | 216 ਪ੍ਰਜਾਤੀਆਂ | | |

ਸੋਮਾ : ਟਿਵਾਣਾ ਅਤੇ ਸਾਥੀ . 2005



## ਪੰਜਾਬੀ ਵਿਚ ਜੰਗਲੀ ਜੰਤੂਆਂ ਦੀ ਵਿਭਿੰਨਤਾ :-



| ਅਰੀੜ੍ਹਧਾਰੀ ਜੰਤੂਆਂ ਦੀ ਵਿਭਿੰਨਤਾ | | |
|---|---|---|
| ਵਰਗ | ਪ੍ਰਜਾਤੀਆਂ ਦੀ ਅੰਦਾਜ਼ਨ ਗਿਣਤੀ | ਭਾਰਤ ਦੇ ਸਬੰਧ ਵਿਚ ਪੰਜਾਬ ਵਿਚ ਪ੍ਰਜਾਤੀਆਂ ਦਾ% |
| ਪ੍ਰੋਟੋਜ਼ੋਆ | 84 | 3.3% |
| ਪਰੀਫੇਰਾ | ਉਪਲਬਧ ਨਹੀਂ | |
| ਸੀਲੈਂਟਰੇਟਾ | ਉਪਲਬਧ ਨਹੀਂ | |
| ਪਲੇਟੀਹੈਲਮਿੰਥਸ | 41 | 2.9% |
| ਨਿਮੇਟੋਡਾ | 157 | 1.8% |
| ਐਨੀਲਿਡਾ | 34 | 3.6% |
| ਆਰਥਰੋਪੋਡਾ | 1147 | 1.8% |
| ਮੋਲਸਕਾ | 85 | 1.7% |
| ਇਕਾਈਨੋਡਰਮੇਟਾ | ਪੰਜਾਬ ਵਿਚ ਨਹੀਂ ਮਿਲਦੇ | |
| ਰੀੜ੍ਹਧਾਰੀ ਜੰਤੂਆਂ ਦੀ ਵਿਭਿੰਨਤਾ | | |
| ਮੱਛੀਆਂ | 112 | 5.2% |
| ਜਲ-ਥਲੀ ਜੰਤੂ | 15 | 6.7% |
| ਰੇਂਗਣ ਵਾਲੇ ਜੰਤੂ | 35 | 6.6% |
| ਪੰਛੀ | 442 | 37% |
| ਥਣਧਾਰੀ | 43 | 7.7% |

ਸੋਮਾ : ਟਿਵਾਣਾ ਅਤੇ ਸਾਥੀ . 2005

## ਪੰਜਾਬ ਵਿੱਚ ਪਾਲਤੂ ਜੰਤੂਆਂ ਦੀ ਵਿਭਿੰਨਤਾ

| ਪਾਲਤੂ ਪਸ਼ੂ | ਮੌਜੂਦਾ ਨਸਲਾਂ | ਦੇਸੀ ਨਸਲਾਂ | ਖਤਰੇ ਹੇਠ ਨਸਲਾਂ |
|---|---|---|---|
| ਪਸ਼ੂ ਨਸਲਾਂ | ਜਰਸੀ ,ਹੋਲਸਟਾਈਨ ,ਸੰਕਰਿਤ | ਹਰਿਆਣਾ ,ਸਾਹੀਵਾਲ | ਸਾਹੀਵਾਲ* |
| ਭੇਡ | ਲੋਹੀ ,ਨਾਲੀ ,ਦੇਸੀ ,ਸੰਕਰਿਤ | ਲੋਹੀ ,ਨਾਲੀ, ਦੇਸੀ* | ਲੋਹੀ |
| ਘੋੜਾ | ਭੂਟੀਆ ,ਥਾਰੋ ਬਰੈੱਡ ,(ਸਟੱਡ ਫਾਰਮ ਲਈ)* ,ਗੇ੍ ਸਿੰਧੀ*, ਮਾਰਵਾੜੀ* ,ਕਾਠਵਾੜੀ* | ਭੂਟੀਆ * | ਭੂਟੀਆ, ਗੇ੍ ਸਿੰਧੀ* |
| ਮੱਝ | ਨੀਲੀ ਰਾਵੀ ,ਮੁਰਰਾਹ, ਗੋ੍ਡਡ ਮੁਰਰਾਹ | ਮੁਰਰਾਹ, ਨੀਲੀ ਰਾਵੀ | ਨੀਲੀ ਰਾਵੀ |
| ਬੱਕਰੀ | ਦੇਸੀ, ਬੀਤਲ | ਬੀਤਲ | ਬੀਤਲ |
| ਪੋਲਟਰੀ | ਵਹਾਈਟ ਲੈੱਗ ਹਾਰਨ, ਦੇਸੀ | ਪੰਜਾਬ ਬਰਾਊਨ | ---- |

ਸੋਮਾ : ਵਾ. ਅਤੇ ਜੰ. ਮੰਤਰਾਲਾ,1998 ਅਤੇ ਪੰਜਾਬ ਸਰਕਾਰ ਦਾ ਪਸ਼ੂਪਾਲਣ ਵਿਭਾਗ, 2007

# ਅਸੀਂ ਕੀ ਕਰ ਸਕਦੇ ਹਾਂ?

ਇਸ ਗੱਲ ਦਾ ਚੋਖਾ ਸਬੂਤ ਹੈ ਕਿ ਜੈਵ-ਵਿਭਿੰਨਤਾ ਨੂੰ ਖੋਰਾ ਲਾਉਣ ਲਈ ਮਨੁੱਖ ਜ਼ਿੰਮੇਵਾਰ ਹੈ। ਇਸ ਲਈ ਸਾਨੂੰ ਲੋੜੀਂਦੇ ਉਪਾਅ ਕਰਨੇ ਚਾਹੀਦੇ ਹਨ। ਇਸ ਦੇ ਲਈ ਸਹੀ ਅਤੇ ਭਰੋਸੇਯੋਗ ਵਿਗਿਆਨਕ ਅੰਕੜਿਆਂ ਦੀ ਲੋੜ ਹੈ। ਜੈਵ-ਵਿਭਿੰਨਤਾ ਸਬੰਧੀ ਅੰਕੜੇ ਇੱਕਠੇ ਕਰਨ ਵਿਚ ਬਹੁਤ ਸਾਰੀਆਂ ਸੰਸਥਾਵਾਂ ਲੱਗੀਆਂ ਹੋਈਆਂ ਹਨ। ਫਿਰ ਵੀ ਕਿਸੇ ਇਲਾਕੇ ਦੀ ਜੈਵ-ਵਿਭਿੰਨਤਾ ਬਾਰੇ ਸਥਾਨਕ ਲੋਕ ਸਭ ਤੋਂ ਵਧੀਆ ਜਾਣਕਾਰੀ ਦੇ ਸਕਦੇ ਹਨ।

ਜੈਵ-ਵਿਭਿੰਨਤਾ ਦਾ ਅਧਿਐਨ ਕਰਨ ਨਾਲ ਕੁਦਰਤੀ ਪ੍ਰਣਾਲੀਆਂ ਦਾ ਕੰਮਕਾਰ ਅਤੇ ਗੁੰਝਲਦਾਰ ਨਿਵਾਸ-ਸਥਲਾਂ ਵਿਚ ਪ੍ਰਜਾਤੀਆਂ ਦੀ ਭੂਮਿਕਾ ਨੂੰ ਸਮਝਣ ਵਿਚ ਮਦਦ ਮਿਲਦੀ ਹੈ। ਇਸ ਨਾਲ ਸਾਨੂੰ ਇਹ ਫੈਸਲਾ ਲੈਣ ਵਿਚ ਵੀ ਮਦਦ ਮਿਲਦੀ ਹੈ ਕਿ ਕੋਈ ਵਿਸ਼ੇਸ਼ ਵਿਕਾਸ ਕਾਰਜ ਕਿਸੇ ਖਾਸ ਖੇਤਰ ਲਈ ਢੁੱਕਵਾਂ ਹੈ ਜਾਂ ਨਹੀਂ। ਇਸ ਤੋਂ ਇਲਾਵਾ ਇਸ ਸਮਝ ਕਾਰਨ ਅਸੀਂ ਜੈਵ-ਵਿਭਿੰਨਤਾ ਨਾਲ ਭਰਪੂਰ ਨਿਵਾਸ ਸਥਲਾਂ ਦੇ ਵਿਭਾਜਨ, ਬਾਹਰੀ ਪ੍ਰਜਾਤੀਆਂ ਨੂੰ ਲਿਆਉਣ ਅਤੇ ਮੂਲ-ਆਧਾਰ ਪ੍ਰਜਾਤੀਆਂ ਨੂੰ ਘਟਣ ਤੋਂ ਰੋਕਣ ਲਈ ਵੀ ਤਿਆਰ ਹੋ ਜਾਂਦੇ ਹਾਂ। ਜੈਵ-ਵਿਭਿੰਨਤਾ ਅਧਿਐਨ ਕਿਸੇ ਇਲਾਕੇ ਦਾ ਸ਼ੁਰੂਆਤੀ ਮੁਲਾਂਕਣ ਕਰਨ, ਤਬਦੀਲੀਆਂ ਲੱਭਣ, ਇਨ੍ਹਾਂ ਤਬਦੀਲੀਆਂ ਦੇ ਕਾਰਨ ਪਛਾਨਣ ਅਤੇ ਸਾਂਭ-ਸੰਭਾਲ ਨੂੰ ਵਧਾਵਾ ਦੇਣ ਵਿਚ ਵੀ ਸਹਾਈ ਹੁੰਦੇ ਹਨ।

ਜੈਵ-ਵਿਭਿੰਨਤਾ ਨੂੰ ਲੱਗ ਰਹੇ ਖੋਰੇ ਨੂੰ ਘਟਾਉਣ ਦਾ ਇਕ ਤਰੀਕਾ ਹੈ- ਸੁਰੱਖਿਅਣ ਖੇਤਰ ਸਥਾਪਤ ਕਰਨਾ। ਪੰਜਾਬ ਵਿਚ ਸਰਕਾਰੀ ਅਧਿਕਾਰ ਵਾਲਾ 1137 ਵਰਗ ਕਿ: ਮੀ: ਜੰਗਲੀ ਰਕਬਾ ਸੁਰੱਖਿਅਣ ਖੇਤਰ ਹੈ। ਸੂਬੇ ਵਿਚ 10 ਜੰਗਲੀ ਜੀਵ ਪਨਾਹ-ਸਥਲ ਅਤੇ ਇਕ ਸੁਰੱਖਿਅਣ ਖੇਤਰ ਹੈ।

**ਪੰਜਾਬ ' ਵਿਚ ਜੰਤੂ- ਪਨਾਹ-ਸਥਲ, ਬੀੜਾਂ ਅਤੇ ਰੱਖਾਂ**

| ਮੌਜੂਦਾ ਜੰਤੂ- ਪਨਾਹ-ਸਥਲ, ਬੀੜਾਂ ਅਤੇ ਰੱਖਾਂ | ਖੇਤਰਫਲ (ਵ:ਕਿ:ਮੀ:) | ਹਾਲਤ |
|---|---|---|
| ਅਬੋਹਰ ਜੰਗਲੀ ਜੀਵ -ਪਨਾਹ-ਸਥਲ ਫਿਰੋਜ਼ਪੁਰ (ਅਬੋਹਰ ਇਲਾਕੇ 'ਚ 13 ਪਿੰਡ) | 186.50 | ਸੁਰੱਖਿਅਤ ਘੋਸ਼ਿਤ |
| ਹਰੀਕੇ ਜੰਗਲੀ ਜੀਵ-ਪਨਾਹ-ਸਥਲ , ਫਿਰੋਜ਼ਪੁਰ | 86 | ਸੁਰੱਖਿਅਤ ਘੋਸ਼ਿਤ |
| ਬੀੜ ਭਾਦਸੋਂ ਜੰਗਲੀ ਜੀਵ-ਪਨਾਹ-ਸਥਲ ,ਪਟਿਆਲਾ | 10.23 | ਸੁਰੱਖਿਅਤ ਘੋਸ਼ਿਤ |
| ਬੀੜ ਬੁਨਰਹੇੜੀ ਜੰਗਲੀ ਜੀਵ-ਪਨਾਹ-ਸਥਲ ,ਪਟਿਆਲਾ | 6.62 | ਸੁਰੱਖਿਅਤ ਘੋਸ਼ਿਤ |
| ਬੀੜ ਗੁਰਦਿਆਲਪੁਰਾ ,ਪਟਿਆਲਾ | 6.20 | ਸੁਰੱਖਿਅਤ ਘੋਸ਼ਿਤ |
| ਬੀੜ ਮੋਤੀ ਜੰਗਲੀ ਜੀਵ-ਪਨਾਹ-ਸਥਲ, ਪਟਿਆਲਾ | 12.34 | ਸੁਰੱਖਿਅਤ ਘੋਸ਼ਿਤ |
| ਬੀੜ ਭੋਰੇ ਅਗੂਲ ,ਪਟਿਆਲਾ | 11.77 | ਸੁਰੱਖਿਅਤ ਘੋਸ਼ਿਤ ਨਹੀ |
| ਬੀੜ ਬਡਬਰ, ਸੰਗਰੂਰ | 1.39 | ਸੁਰੱਖਿਅਤ ਘੋਸ਼ਿਤ ਨਹੀ |
| ਬੀੜ ਦੋਸਾਂਝ ਜੰਗਲੀ ਜੀਵ-ਪਨਾਹ-ਸਥਲ , ਪਟਿਆਲਾ | 5.18 | ਸੁਰੱਖਿਅਤ ਘੋਸ਼ਿਤ |
| ਬੀੜ ਮੋਤੀ ਬਾਗ ਜੰਗਲੀ ਜੀਵ-ਪਨਾਹ-ਸਥਲ, ਪਟਿਆਲਾ | 6.54 | ਸੁਰੱਖਿਅਤ ਘੋਸ਼ਿਤ |
| ਰੱਖ ਸਰਾਇ ਅਮਾਨਤ ਖਾਂ, ਅੰਮ੍ਰਿਤਸਰ | 4.95 | ਸੁਰੱਖਿਅਤ ਘੋਸ਼ਿਤ ਨਹੀ |
| ਰੱਖ ਗਾਗਰੇਵਾਲ, ਅੰਮ੍ਰਿਤਸਰ | 2.11 | ਸੁਰੱਖਿਅਤ ਘੋਸ਼ਿਤ |
| ਰੱਖ ਚੱਕ ਸਰਕਾਰ, ਫਿਰੋਜ਼ਪੁਰ | 4.38 | ਸੁਰੱਖਿਅਤ ਘੋਸ਼ਿਤ |
| ਰੱਖ ਮੱਤੇਵਾੜਾ, ਲੁਧਿਆਣਾ | 7.31 | ਸੁਰੱਖਿਅਤ ਘੋਸ਼ਿਤ |

ਸ੍ਰੋਤ : ਜੰਗਲਾਤ ਵਿਭਾਗ, ਪੰਜਾਬ ਸਰਕਾਰ


ਖਰਾਬ ਹੋ ਚੁੱਕੇ ਕੁਦਰਤੀ ਪ੍ਰਬੰਧਾਂ ਦੀ ਮੁੜ ਸੁਰਜੀਤੀ ਲਈ ਕੀਤੀਆਂ ਗਈਆਂ ਕੁਝ ਹੋਰ ਕੋਸ਼ਿਸ਼ਾਂ ਹਨ :-ਜਲਗਾਹਾਂ ਦੀ ਸੰਭਾਲ ਦੇ ਪ੍ਰੋਗਰਾਮ, ਭੌਂ - ਸੰਭਾਲ ਕੰਮ, ਪੌਦਾ-ਰੋਪਣ ਗਤੀਵਿਧੀਆਂ, ਪਾਣੀ ਹਾਰਵੈਸਟ ਕਰਨ ਵਾਲੇ ਢਾਂਚੇ ਉਸਾਰਨਾ, ਆਦਿ। ਸ਼ਿਵਾਲਿਕ-ਖੇਤਰਾਂ ਅਤੇ ਜਲਗਾਹਾਂ ਵਿਚ ਜੈਵ-ਵਿਭਿੰਨਤਾ ਸਬੰਧੀ ਅਧਿਐਨ ਵੀ ਕੀਤੇ ਜਾ ਰਹੇ ਹਨ ਤਾਂ ਜੋ ਜੈਵ-ਵਿਭਿੰਨਤਾ ਭਰਪੂਰ ਇਲਾਕਿਆਂ ਨੂੰ ਉਨ੍ਹਾਂ ਦੇ ਕੁਦਰਤੀ ਰੂਪ ਵਿਚ ਬਣਾਏ ਰੱਖਿਆ ਜਾ ਸਕੇ।


ਬਾਟਨੀਕਲ ਗਾਰਡਨਜ਼ ਅਤੇ ਚਿੜੀਆ ਘਰ ਵੀ ਪੌਦਿਆਂ ਅਤੇ ਜੰਤੂਆਂ ਦੀਆਂ ਪ੍ਰਜਾਤੀਆ ਦੀ ਸੁਰੱਖਿਆ ਵਿਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਜੰਗਲੀ ਜੀਵਨ ਅਤੇ ਲੋਕਾਂ ਵਿਚਲਾ ਪਾੜਾ ਘਟਾਉਣ ਦੇ ਨਾਲ-ਨਾਲ ਜੰਗਲੀ ਜੀਵਨ ਨੂੰ ਉਸ ਦੇ ਕੁਦਰਤੀ ਸਥਾਨ 'ਤੇ ਹੀ ਸੰਭਾਲਦੇ ਹਨ। ਸੂਬੇ ਵਿਚ ਕਈ ਬਾਟਨੀਕਲ ਗਾਰਡਨਜ਼, ਚਿੜੀਆ ਘਰ ਅਤੇ ਸਫਾਰੀਆਂ ਹਨ।

ਲੋਕਾਂ ਖਾਸ ਤੌਰ 'ਤੇ ਬੱਚਿਆਂ ਨੂੰ ਜੈਵ-ਵਿਭਿੰਨਤਾ ਅਤੇ ਸਾਡੇ ਕੁਦਰਤੀ ਸ੍ਰੋਤਾਂ ਦੀ ਮਹੱਤਤਾ ਦੀ ਸਮਝ ਦੇਣ ਵਿਚ ਸਮਝਦਾਰੀ ਦਿਖਾਉਂਦੇ ਹੋਏ ਵਾਤਾਵਰਣ ਦੀ ਰੱਖਿਆ ਕਰਨ ਲਈ ਉਨ੍ਹਾਂ ਨੂੰ ਪ੍ਰੇਰਿਤ ਕਰਨ ਵਿਚ ਵਾਤਾਵਰਨ-ਸਿੱਖਿਆ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੰਸਥਾਗਤ ਅਤੇ ਕਾਨੂੰਨੀ ਉਪਾਵਾਂ ਦੁਆਰਾ ਸਰਕਾਰ ਵੀ ਜੈਵ-ਵਿਭਿੰਨਤਾ ਦੀ ਰਾਖੀ ਲਈ ਯਤਨਸ਼ੀਲ ਹੈ।

# ਸੰਸਾਰ ਭਰ ਵਿਚ ਕੀ ਕੀਤਾ ਜਾ ਰਿਹਾ ਹੈ?

ਜੈਵ-ਵਿਭਿੰਨਤਾ ਇਕ ਅਮੁੱਲੀ ਵਿਸ਼ਵ ਧਰੋਹਰ ਹੈ। ਜੀਨ-ਸਮੂਹ , ਪ੍ਰਜਾਤੀਆਂ ਅਤੇ ਪਰਿਸਥਿਤਿਕ ਪ੍ਰਬੰਧਾਂ ਨੂੰ ਦਰਪੇਸ਼ ਖਤਰਾ ਕਦੇ ਵੀ ਐਨਾ ਨਹੀਂ ਰਿਹਾ ਜਿਨਾਂ ਕਿ ਇਹ ਅੱਜ ਹੈ। ਇਸ ਲਈ ਕਈ ਅੰਤਰ ਰਾਸ਼ਟਰੀ ਸੰਸਥਾਵਾਂ ਜਿਵੇਂ ਕਿ ਵਿਸ਼ਵ ਸੰਭਾਲ ਸੰਗਠਨ (ਆਈ.ਯੂ.ਸੀ.ਐਨ), ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂ.ਐਨ.ਡੀ.ਪੀ), ਵਿਸ਼ਵ ਵਾਤਾਵਰਣ ਸਹੂਲਤ (ਜੀ.ਈ.ਐਫ.), ਵਪਾਰ ਅਤੇ ਵਿਕਾਸ ਸਬੰਧੀ ਸੰਯੁਕਤ ਰਾਸ਼ਟਰ ਕਾਨਫਰੰਸ (ਯੂ.ਐਨ.ਸੀ.ਟੀ.ਏ.ਡੀ),ਵਿਸ਼ਵ ਬੈਂਕ, ਜੰਗਲੀ ਜੰਤੂਆਂ ਅਤੇ ਪੌਦਿਆਂ ਦੀਆਂ ਖਤਰੇ ਹੇਠਲੀਆਂ ਪ੍ਰਜਾਤੀਆਂ ਦੇ ਅੰਤਰ ਰਾਸ਼ਟਰੀ ਵਪਾਰ ਸਬੰਧੀ ਕਨਵੈਂਸ਼ਨ (ਸੀ.ਆਈ.ਟੀ.ਈ.ਐਸ.), ਸੰਯੁਕਤ ਰਾਸ਼ਟਰ ਵਿੱਦਿਅਕ,ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ (ਯੂ.ਐਨ.ਈ.ਐਸ.ਸੀ.ਓ), ਡਾਈਵਰਸਿਟਾਜ਼ ਸਕੱਤਰੇਤ ਆਦਿ ਧਰਤੀ ਦੇ ਕੁਦਰਤੀ ਸ੍ਰੋਤਾਂ ਦੀ ਸੰਭਾਲ ਵਿਚ ਲੱਗੇ ਹੋਏ ਹਨ।' ਜੈਵ-ਵਿਭਿੰਨਤਾ ਸਬੰਧੀ ਕਨਵੈਂਸ਼ਨ ' ਸਭ ਤੋਂ ਮਹੱਤਵਪੂਰਨ ਸਮਝੌਤਾ ਹੈ ਜਿਸ ਉੱਪਰ ਸੰਸਾਰ ਦੇ 176 ਦੇਸ਼ਾਂ ਅਤੇ ਯੂਰਪੀ ਕਮਿਊਨਿਟੀ ਨੇ ਸਹੀ ਪਾਈ ਹੈ।



## ਜੈਵ-ਵਿਭਿੰਨਤਾ ਸਬੰਧੀ ਕਨਵੈਂਸ਼ਨ :-

ਇਸ ਕਨਵੈਂਸ਼ਨ ਦੇ ਉਦੇਸ਼ ਹਨ :

- ਜੈਵ-ਵਿਭਿੰਨਤਾ ਦੀ ਸੰਭਾਲ ਕਰਨਾ
- ਜੈਵ- ਸ੍ਰੋਤਾਂ ਦੀ ਟਿਕਾਊ ਵਰਤੋਂ ਨੂੰ ਉਤਸ਼ਾਹਿਤ ਕਰਨਾ।
- ਜੀਨ-ਸ੍ਰੋਤਾਂ ਦੀ ਵਰਤੋਂ ਤੋਂ ਹੋਣ ਵਾਲੇ ਲਾਭਾਂ ਦੀ ਸਹੀ ਅਤੇ ਬਰਾਬਰ ਵੰਡ ਨੂੰ ਉਤਸ਼ਾਹਿਤ ਕਰਨਾ।



ਇਹ ਕਨਵੈਂਸ਼ਨ ਇਸ ਗੱਲ ਨੂੰ ਮਾਨਤਾ ਦਿੰਦੀ ਹੈ ਕਿ ਸਾਰੇ ਦੇਸ਼ਾਂ ਦਾ ਆਪੋ ਆਪਣੇ ਕੁਦਰਤੀ ਸ੍ਰੋਤਾਂ ਉੱਪਰ ਪਰਮ ਅਧਿਕਾਰ ਹੈ।

ਇਹ ਕਨਵੈਂਸ਼ਨ ' ਕਾਨਫਰੰਸ ਆਫ਼ ਪਾਰਟੀਜ਼ ' ਰਾਹੀਂ ਕੰਮ ਕਰਦੀ ਹੈ ਜਿਸ ਦੀ ਸਹਾਇਤਾ ਮਾਂਟਰੀਅਲ ਸਥਿੱਤ ਸਕੱਤਰੇਤ ਕਰਦਾ ਹੈ। ਇਹ ਪਰਿਸਥਿਤਿਕ ਪ੍ਰਬੰਧਾਂ ਤੇ ਕੁਦਰਤੀ ਨਿਵਾਸ -ਸਥਲਾਂ ਨੂੰ ਸੰਭਾਲਣ, ਜੈਵ-ਵਿਭਿੰਨਤਾ ਦੀ ਪਛਾਣ ਅਤੇ ਨਿਗਰਾਨੀ, ਤਕਨੀਕੀ ਅਤੇ ਵਿਗਿਆਨਕ ਸਹਿਯੋਗ ਵਧਾਉਣ, ਜਨ-ਚੇਤਨਾ ਕਰਨ ਲਈ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਉਨ੍ਹਾਂ ਦੇ ਕੁਦਰਤੀ ਸ੍ਰੋਤ ਸੰਭਾਲਣ ਲਈ ਉਤਸ਼ਾਹ ਦੇਣ ਲਈ ਵਿਭਿੰਨ ਦੇਸ਼ਾਂ ਦੀਆਂ ਸਰਕਾਰਾਂ ਨੂੰ ਉਤਸ਼ਾਹਿਤ ਕਰਦੀ ਹੈ।



# ਜੈਵ-ਵਿਭਿੰਨਤਾ ਕਾਨੂੰਨ

ਜੈਵ-ਵਿਭਿੰਨਤਾ ਸਬੰਧੀ ਕਨਵੈਂਸ਼ਨ ਦੀਆਂ ਧਾਰਾਵਾਂ ਦੇ ਮੱਦੇ ਨਜ਼ਰ ਅਤੇ ਸਾਡੇ ਜੈਵਿਕ ਸ੍ਰੋਤਾਂ ਉੱਪਰਲੇ ਗੰਭੀਰ ਦਬਾਅ ਨਾਲ ਨਿਪਟਣ ਲਈ ਭਾਰਤ ਨੇ ਜੈਵ-ਵਿਭਿੰਨਤਾ ਕਾਨੂੰਨ, 2002 ਬਣਾਇਆ ਹੈ।

ਇਸ ਕਾਨੂੰਨ ਵਿਚ ਜੈਵ-ਵਿਭਿੰਨਤਾ ਦੀ ਸੰਭਾਲ ਤੋਂ ਇਲਾਵਾ ਜੈਵ ਸ੍ਰੋਤਾਂ ਦੀ ਟਿਕਾਊਵਰਤੋਂ ਦੀ ਵਿਵਸਥਾ ਹੈ। ਇਹ ਕਾਨੂੰਨ ਕੇਂਦਰੀ ਸਰਕਾਰ ਦੇ ਪੱਧਰ ਉੱਤੇ ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਰਾਹੀਂ, ਸੂਬਾ ਸਰਕਾਰ ਦੇ ਪੱਧਰ ਉੱਤੇ ਸੂਬਾਈ ਜੈਵ-ਵਿਭਿੰਨਤਾ ਬੋਰਡਾਂ ਰਾਹੀਂ ਅਤੇ ਪਿੰਡ / ਕਸਬਾ ਪੱਧਰ ਉੱਤੇ ਜੈਵ-ਵਿਭਿੰਨਤਾ ਪ੍ਰਬੰਧਕ ਕਮੇਟੀਆਂ ਰਾਹੀਂ ਲਾਗੂਕੀਤਾ ਜਾਂਦਾ ਹੈ।

ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ ਵਿਦੇਸ਼ੀਆਂ ਅਤੇ ਐਨ.ਆਰ.ਆਈਜ਼ ਦੁਆਰਾ ਜੈਵ-ਵਿਭਿੰਨਤਾ ਦੀ ਵਰਤੋਂ ਨੂੰ ਨਿਯੰਤਰਿਤ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਆਰਥਿਕ ਲਾਭਾਂ ਅਤੇ ਦੇਸ਼ ਦੀ ਬੌਧਿਕ ਸੰਪਦਾ ਦੀ ਸਾਰੇ ਸਹਿਭਾਗੀਆਂ, ਖਾਸ ਤੌਰ 'ਤੇ ਸਥਾਨਕ ਲੋਕਾਂ ਵਿਚ ਇੱਕ ਸਾਰ ਵੰਡ ਹੋਏ।

# ਪੰਜਾਬ ਜੈਵ-ਵਿਭਿੰਨਤਾ ਬੋਰਡ :-

ਪੰਜਾਬ ਜੈਵ-ਵਿਭਿੰਨਤਾ ਬੋਰਡ ਦੀ ਸਥਾਪਨਾ ਦਸੰਬਰ 2004 ਵਿੱਚ ਜੈਵ-ਵਿਭਿੰਨਤਾ ਕਾਨੂੰਨ ਦੇ ਅਧੀਨ ਇਕ ਸੰਵਿਧਾਨਕ ਸੰਸਥਾ ਦੇ ਰੂਪ ਵਿਚ ਕੀਤੀ ਗਈ ਸੀ ਤਾਂ ਜੋ ਸੂਬੇ ਦੀ ਜੈਵ-ਵਿਭਿੰਨਤਾ ਨੂੰ ਬਚਾਇਆ ਜਾ ਸਕੇ ਅਤੇ ਉਦਯੋਗਿਕ ਅਤੇ ਵਪਾਰਕ ਸੰਸਥਾਵਾਂ ਦੁਆਰਾ ਜੈਵ-ਸ੍ਰੋਤਾਂ ਦੀ ਵਪਾਰਕ ਵਰਤੋਂ ਨਿਯੰਤਰਿਤ ਕੀਤੀ ਜਾ ਸਕੇ ਅਤੇ ਇਨ੍ਹਾਂ ਸ੍ਰੋਤਾਂ ਦੀ ਵਰਤੋਂ ਤੋਂ ਮਿਲਣ ਵਾਲੇ ਆਰਥਿਕ ਲਾਭਾਂ ਵਿਚੋਂ ਸਥਾਨਕ ਲੋਕਾਂ ਨੂੰ ਬਣਦਾ ਹਿੱਸਾ ਦਿਵਾਇਆ ਜਾ ਸਕੇ। ਆਰਥਿਕ ਲਾਭ ਲਈ ਕਿਸੇ ਇਲਾਕੇ ਦੇ ਕੁਦਰਤੀ ਸ੍ਰੋਤਾਂ ਨੂੰ ਵਰਤਣ ਲਈ ਵਪਾਰਕ ਅਦਾਰਿਆਂ ਨੂੰ ਪੰਜਾਬ ਜੈਵ-ਵਿਭਿੰਨਤਾ ਬੋਰਡ ਕੋਲ ਫੀਸ ਭਰਵਾ ਕੇ ਆਗਿਆ ਲੈਣੀ ਪਵੇਗੀ। ਇਸ ਕਾਰਜ ਵਿਚ ਸਹਿਯੋਗ ਦੇਣ ਲਈ ਬੋਰਡ ਨੇ ਪਿੰਡ ਅਤੇ ਕਸਬਾ ਪੱਧਰ 'ਤੇ ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਬਨਾਉਣੀਆਂ ਹਨ।

ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਆਪਣੇ ਖੇਤਰਾਂ ਵਿਚ ਕੁਦਰਤੀ ਸ੍ਰੋਤਾਂ ਅਤੇ ਉਨ੍ਹਾਂ ਦੀ ਵਰਤੋਂ ਦਾ ਰਿਕਾਰਡ ਰੱਖਣਗੀਆਂ। ਸਥਾਨਕ ਸੰਸਥਾਵਾਂ, ਸਕੂਲ ਅਧਿਆਪਕਾਂ, ਕਿਸਾਨਾਂ, ਡਾਕਟਰਾਂ ਅਤੇ ਬਾਕੀ ਸਾਰੇ ਸਹਿਭਾਗੀਆਂ ਜਿਨ੍ਹਾਂ ਦੀ ਰੋਜ਼ੀ ਸਥਾਨਕ ਜੈਵ-ਸ੍ਰੋਤਾਂ ਉੱਪਰ ਨਿਰਭਰ ਕਰਦੀ ਹੈ ਨੂੰ ਮਿਲਾ ਕੇ ਇਹ ਕਮੇਟੀਆਂ ਬਨਣਗੀਆਂ ਅਤੇ ਜੈਵ-ਵਿਭਿੰਨਤਾ ਕਾਨੂੰਨ ਨੂੰ ਸਥਾਨਕ ਪੱਧਰ ਤੇ ਲਾਗੂਕਰਨ ਵਿਚ ਇਹ ਕਮੇਟੀਆਂ ਇਕ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਜੈਵ-ਵਿਭਿੰਨਤਾ ਪ੍ਰਬੰਧਣ ਕਮੇਟੀਆਂ ਲੋਕਾਂ ਦੇ ਜੈਵ-ਵਿਭਿੰਨਤਾ ਰਜਿਸਟਰ ਵੀ ਬਨਾਉਣਗੀਆਂ। ਇਨ੍ਹਾਂ ਰਜਿਸਟਰਾਂ ਵਿਚ ਸਥਾਨਕ ਪੌਦਿਆਂ ਅਤੇ ਜੰਤੂਆਂ (ਜੰਗਲੀ ਅਤੇ ਪਾਲਤੂ ਦੋਵੇਂ) ਸਬੰਧੀ ਸੂਚਨਾ, ਇਨ੍ਹਾਂ ਦੇ ਲਾਭਾਂ ਅਤੇ ਸਬੰਧਤ ਪਰੰਪਰਾਗਤ ਗਿਆਨ ਨੂੰ ਦਰਜ ਕੀਤਾ ਜਾਵੇਗਾ। ਇਸ ਨਾਲ ਸਾਡੇ ਦੇਸ਼ ਦੇ ਕੁਦਰਤੀ ਸ੍ਰੋਤ ਲੋਕਾਂ ਦੀ ਭਾਗੀਦਾਰੀ ਨਾਲ ਸੁਰੱਖਿਅਤ ਰੱਖੇ ਜਾ ਸਕਣਗੇ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

- ਪੰਜਾਬ ਜੈਵ-ਵਿਭਿੰਨਤਾ ਬੋਰਡ
ਐਮ .ਜੀ. ਐਸ .ਆਈ.ਪੀ .ਏ . ਕੰਪਲੈਕਸ,
ਸੈਕਟਰ 26, ਚੰਡੀਗੜ੍ਹ - 160019
ਫੋਨ : 0172-2792325 ਫੈਕਸ 0172-2793143

- ਰਾਸ਼ਟਰੀ ਜੈਵ-ਵਿਭਿੰਨਤਾ ਅਥਾਰਟੀ
475, 9 ਵੀ ਸਾਊਥ ਕਰਾਸ ਸਟਰੀਟ,
ਕਪਾਲੀਸਵਰ ਨਗਰ,
ਨੀਲੰਕਰਾਇ, ਚੇੱਨਈ-600041
ਫੋਨ :- 044- 24490805 ਫੈਕਸ : 044-24492777

- ਵਾਤਾਵਰਨ ਅਤੇ ਜੰਗਲਾਤ ਮੰਤਰਾਲਾ,ਭਾਰਤ ਸਰਕਾਰ
ਪਰਿਆਵਰਨ ਭਵਨ, ਸੀ.ਜੀ.ਓ.ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ।




This publication is also available at :

www.punenvis.nic.in

www.punjabenvironment.com

ਪੰਜਾਬ ਜੈਵ -ਵਿਭਿੰਨਤਾ ਬੋਰਡ
ਪੰਜਾਬ ਰਾਜ ਵਿਗਿਆਨ ਅਤੇ ਤਕਨਾਲੌਜੀ ਪ੍ਰੀਸ਼ਦ
ਐਮ .ਜੀ. ਐਸ ਆਈ.ਪੀ .ਏ . ਕੰਪਲੈਕਸ, ਸੈਕਟਰ 26, ਚੰਡੀਗੜ੍ਹ - 160019
ਫੋਨ : 0172-2792325 ਫੈਕਸ 0172-2793143
ਵੈੱਬ ਸਾਈਟਾਂ - www.pscst.com, www.punjabenvironment.com, www.punenvis.nic.in






PECO PRINTING PRESS CHD. 2653480